ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਰਜੁਨ ਦੀਦਾਰੇ

— ਲੇਖਕ —
ਗਿਆਨੀ ਭਾਗ ਸਿੰਘ ਅੰਬਾਲਾ

— ਪ੍ਰਕਾਸ਼ਕ —
ਸ਼੍ਰੋਮਣੀ ਸਿੱਖ ਸਮਾਜ
੧੦੦, ਸੰਤ ਨਗਰ
ਨਵੀਂ ਦਿੱਲੀ-੨੪

ਪਹਿਲੀ ਵਾਰ ੫੧੦੦ ਜੂਨ ੧੯੭੩ For free distribution

ਬੇਨਤੀ

ਸਨਿਮਰ ਬੇਨਤੀ ਇਹ ਕਿ ਜਿਥੇ ਪੰਚਮ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਸਿਖ-ਸੰਗਤਾਂ ਵਲੋਂ ਠੰਡੀਆਂ ਲੱਸੀਆਂ ਜਲੂਸਾਂ ਕਵੀ ਦਰਬਾਰਾਂ ਅਤੇ ਅਨੇਕਾਂ ਸਜਾਵਟਾਂ ਦੁਆਰਾ ਹਰਿ ਸਾਲ ਮਨਾਉਣਾ ਪ੍ਰਸੰਨਤਾਦਾਇਕ ਹੈ ਉਥੇ ਪਿਛੇ ਲਿਖੇ ਅਨੁਸਾਰ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਉਚਰੀ ਪਰਮਪਾਵਨ ਬਾਣੀ ਦੇ ਕੀਤੇ ਜਾਂਦੇ ਅਰਥਾਂ ਦੇ ਅਨਰਥ ਅਤੇ ਪਾਏ ਜਾਂਦੇ ਇਤਿਹਾਸਕ ਭੁਲੇਖਿਆਂ ਨੂੰ ਵੀ ਦੂਰ ਕਰਕੇ ਯਥਾਰਥ ਰੂਪ ਵਿਚ ਗੁਰਦੇਵ ਜੀ ਦਾ ਇਤਿਹਾਸ ਦਰਸਾਉਣ ਦਾ ਉਦਮ ਵੀ ਜ਼ਰੂਰੀ ਹੋਣਾ ਚਾਹੀਦਾ ਹੈ।

ਸਹਾਇਕ ਸੂਚੀ

੧੦੦੦	ਸ੍ਰ: ਮਿਲਾਪ ਸਿੰਘ ਜੀ ਆਰ-ਕੇ ਪੁਰਮ, ਸੈਕਟ੍ਰ ੮, ਨਵੀਂ ਦਿੱਲੀ
੨੫੦	ਸ੍ਰ: ਇੰਦਰ ਸਿੰਘ ਜੀ ਗੁਲਾਟੀ ਗੋਬਿੰਦ ਨਗਰ, ਅੰਬਾਲਾ ਛਾਉਣੀ
੧੦੦	ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਟੈਗੋਰ ਗਾਰਡਨ, ਨਵੀਂ ਦਿੱਲੀ
੫੦	ਸ੍ਰ: ਮਨੋਹਰ ਸਿੰਘ ਕੰਵਲਜੀਤ ਕੌਰ ਸੰਤ ਨਗਰ, ਨਵੀਂ ਦਿੱਲੀ
੫੦	ਸ੍ਰ: ਸ਼ਾਮ ਸਿੰਘ ਜੀ ਭੱਲਾ ਈਸਟ ਆਫ਼ ਕੈਲਾਸ਼, ਨਵੀਂ ਦਿੱਲੀ

ਸਮਰਪਣ

ਸ਼੍ਰੋਮਣੀ ਸਿੱਖ ਸਮਾਜ ਦੇ ਅੰਮ੍ਰਿਧਾਰੀ ਗੁਰਸਿਖਾਂ ਨੂੰ ਜੋ ਮਨਮੱਤ ਤੇ ਗੁਰੂਡੰਮ ਦਾ ਪਰਹਾਰ ਅਤੇ ਗੁਰਮਤਿ ਪ੍ਰਚਾਰ ਦੇ ਅਭਿਲਾਖੀ ਹਨ।

ਮੁਖ ਸੂਚੀ

ਇਸ ਪੁਸਤਕ ਦੇ ਤਿੰਨ ਭਾਗ ਹਨ :

* ਪਹਿਲੇ ਭਾਗ ਵਿਚ ਪੰਚਮ ਪਾਤਸ਼ਾਹ ਦੇ ਅਵਤਾਰ ਅਤੇ ਗੁਰਗੱਦੀ ਤਥਾ ਜੋਤੀ ਜੋਤਿ ਸਮਾਵਣ ਸਬੰਧੀ ਸੰਮਤ ਆਦਿਕ ਦਰਸਾਏ ਹਨ।
* ਦੂਜੇ ਭਾਗ ਵਿਚ ਗੁਰਬਾਣੀ ਅਤੇ ਗੁਰ ਇਤਿਹਾਸ ਰਾਹੀਂ ਪੰਚਮ ਪਾਤਿਸ਼ਾਹ ਜੀ ਦੇ (੧੫) ਪੰਦਰਾਂ ਦੀਦਾਰੇ ਹਨ।
* ਤੀਜੇ ਹਿੱਸੇ ਵਿਚ ਪੰਚਮ ਗੁਰੂ ਜੀ ਦੇ ਉਹ ਸ਼ਬਦ ਜਿਨ੍ਹਾਂ ਦੀਆਂ ਉਥਾਨਕਾਵਾਂ ਸਬੰਧੀ ਕੁਝ ਕੁ ਲਿਖਾਰੀਆਂ ਅਤੇ ਪ੍ਰਚਾਰਕਾਂ ਨੇ ਭੁਲੇਖੇ ਪਾਊ ਪ੍ਰਸੰਗਾਂ ਰਾਹੀਂ ਅਰਥਾਂ ਦੇ ਅਨੱਰਥ ਕੀਤੇ ਹਨ, ਉਹਨਾਂ ਸ਼ਬਦਾਂ ਵਿਚੋਂ ਕੁਝ ਕੁ ਗੇਣਵੇਂ ਸ਼ਬਦਾਂ ਦੀ ਯਥਾਰਥ ਰੂਪ ਵਿਚ ਜਾਣਕਾਰੀ ਦਿੱਤੀ ਹੈ।

ਧੰਨਵਾਦ

ਸਿੱਖ ਪੰਥ ਦੀ ਇਕ ਮਹਾਨ ਵਿਅਕਤੀ, ਉੱਚ ਕੋਟੀ ਦੇ ਵਿਦਵਾਨ,ਪ੍ਰਿੰਸੀਪਲ ਸਾਹਿਬ ਸਿੰਘ ਜੀ ਦਾ ਬਹੁਤ ਬਹੁਤ ਧੰਨ-ਵਾਦ ਕਰਦਾ ਹਾਂ ਜਿਨ੍ਹਾਂ ਦੇ ਲਿਖੇ "ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ" ਵਿਚੋਂ ਇਸ ਪੁਸਤਕ ਲਈ ਕਿਤੇ ਕਿਤੇ ਜਾਣਕਾਰੀ ਲਈ ਹੈ।

ਸ਼੍ਰੋਮਣੀ ਸਿੱਖ ਸਮਾਜ ਦਾ ਹਾਰਦਿਕ ਧੰਨਵਾਦੀ ਹਾਂ ਜਿਸ ਦੀ ਪ੍ਰੇਰਨਾ ਅਧੀਨ ਗੁਰਸਿਖ-ਸੰਗਤਾਂ ਦੀ ਸੇਵਾ ਵਿਚ ਇਹ ਪੁਸਤਕ ਪਹੁੰਚਾਣ ਲਈ ਕਲਮ ਚੁਕੀ ਹੈ।

ਪਰਮ ਹਿਤੂ, ਕੰਵਰ ਮਹਿੰਦਰ ਪ੍ਰਤਾਪ ਸਿੰਘ ਜੀ, ਦਿੱਲੀ ਦਾ ਇਸ ਲਈ ਰਿਣੀ ਹਾਂ ਕਿ ਜਿਸ ਨੇ ਕਈ ਰੁਝੇਵਿਆਂ ਦੀ ਹੋਂਦ ਵਿਚ ਇਸ ਪੁਸਤਕ ਦੀ ਲਿਖਾਈ ਅਤੇ ਪਰੂਫ ਵੇਖਣ ਵਿਚ ਮੇਰਾ ਹੱਥ ਵਟਾਇਆ ਹੈ।

ਪੰਥ ਹਿਤੂ, ਉਦਾਰ ਚਿਤ ਸ. ਇੰਦਰ ਸਿੰਘ ਜੀ ਗੁਲਾਟੀ ਅੰਬਾਲਾ ਛਾਉਣੀ ਨੇ ਪਹਿਲਾਂ ਕੇਸ ਵਿਸ਼ੇਸ਼ਤਾ ਦੀਆਂ ਇਕ ਹਜ਼ਾਰ ਕਾਪੀਆਂ ਖ਼ਰੀਦ ਕੇ ਸਿਖ-ਸੰਗਤਾਂ ਨੂੰ ਮੁਫਤ ਭੇਟਾ ਕੀਤੀਆਂ ਅਤੇ ਹੁਣ ਇਹ ਪੁਸਤਕ ੨੫੦ (ਢਾਈ ਸੌ) ਲੈਣ ਦਾ ਇਕਰਾਰ ਕਰਕੇ ਮੈਨੂੰ ਧੰਨਵਾਦੀ ਬਣਾਇਆ।

ਪੰਥ ਸੇਵਕ
ਗਿਆਨੀ ਭਾਗ ਸਿੰਘ ਅੰਬਾਲਾ

੧ ਓ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਰਜੁਨ ਦੀਦਾਰੇ

ਧ੍ਰੰਮਧੀਰ, ਗੁਰਮਤਿ ਗਭੀਰ, ਪਰਦੁਖ ਬਿਸਾਰਣੁ ॥
ਸਬਦਸਾਰੁ, ਹਰਿਸਮਉਦਾਰ, ਅੰਹਮੇਵ ਨਿਵਾਰਣੁ ॥
ਮਹਾਦਾਨਿ, ਸਤਿਗੁਰ ਗਿਆਨ, ਮਨ ਚਾਉ ਨ ਹੁਟੈ ॥
ਸਤਵੰਤੁ ਹਰਿ ਨਾਮੁ ਮੰਤ੍ਰ, ਨਵਨਿਧ ਨ ਨਿਖੁਟੈ ॥
ਗੁਰ ਰਾਮਦਾਸ ਤਨੁ, ਸਰਬ ਮੈ, ਸਹਜ ਚੰਦੋਆ ਤਾਣਿਉ ॥
ਗੁਰ ਅਰਜੁਨ ਕਲ੍ਯੁਚਰੈ, ਤੈ ਰਾਜ ਜੋਗ ਰਸ ਜਾਣਿਉ ॥

੧ੴ ਸਤਿਗੁਰ ਪ੍ਰਸਾਦਿ ॥

ਭਾਗ ਪਹਿਲਾ

ਅਵਤਾਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੈਸਾਖ ਵਦੀ ਸਪਤਮੀ ਸੰਮਤ ੧੬੨੦ ਸੰਨ ੧੫੬੩ ਨੂੰ "ਗੋਬਿੰਦਵਾਲੁ ਗੁਬਿੰਦਪੁਰੀ ਸਮ ਜਲ੍ਹਨ ਤੀਰ ਬਿਪਾਸ ਬਨਾਇਉ" ਅਨੁਸਾਰ ਬਿਪਾਸ (ਬਿਆਸਾ ਦੇ ਕੰਢੇ ਗੋਇੰਦਵਾਲ ਜ਼ਿਲਾ ਅੰਮ੍ਰਿਤਸਰ ਵਿਚ ਸਤਿਗੁਰੂ ਰਾਮਦਾਸ ਜੀ ਸੋਢੀ ਅਤੇ ਮਾਤਾ ਭਾਨੀ ਜੀ ਦੇ ਘਰ "ਅਵਤਾਰ ਉਜਾਗਰ ਆਨ ਕੀਉ" ਕਥਨ ਅਨੁਸਾਰ ਅਵਤਾਰ ਧਾਰਿਆ।

ਗੁਰਗਦੀ ਸੰਮਤ ੧੬੩੮ ਸੰਨ ੧੫੮੧ ਨੂੰ 'ਤਖਤ ਬੈਠਾ ਅਰਜਨ ਗੁਰੁ ਸਤਿਗੁਰ ਕਾ ਖਿਵੈ ਚੰਦੋਆ' ਵਾਕ ਅਨੁਸਾਰ ਗੁਰ-ਗਦੀ ਉਤੇ ਸੁਸ਼ੋਭਤ ਹੋਇ।

ਜੋਤੀ ਜੋਤਿ ਜੇਠ ਸੁਦੀ ਚਉਥ ਸੰਮਤ ੧੬੬੩ ਸੰਨ ੧੬੦੬ ਐਰਾਵਤੀ (ਰਾਵੀ) ਕਿਨਾਰੇ ਲਵਪੁਰ (ਲਾਹੌਰ) ਵਿਚ ਉਬਲਦੀ ਦੇਗ ਅਤੇ ਤੱਤੀ ਤਵੀ ਤੱਥਾ ਸੜਦੀ ਬਲਦੀ ਰੇਤ ਆਦਿਕ ਦਾ ਅਤਿਅੰਤ ਕਸ਼ਟ ਝਲਦੇ ਹੋਏ 'ਭੀੜੂ ਪਈ ਚਿਤ ਅਵਰ ਨ ਆਣੀ' ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜੋਤੀ ਜੋਤਿ ਸਮਾਇ।

ਭਾਗ ਦੂਜਾ

ਸ੍ਰੀ ਗੁਰੂ ਅਰਜੁਨ ਦੇਵ ਜੀ ਦੇ

ਗੁਰਬਾਣੀ ਅਤੇ ਗੁਰਇਤਿਹਾਸ ਰਾਹੀਂ ੧੫ ਦੀਦਾਰੇ

ਉਪਰੋਕਤ ਪਰਗਟ ਕੀਤੇ ਅਨੁਸਾਰ ਪੰਚਮ ਗੁਰੂ ਜੀ ਦੀ ਪੰਚ ਭੂਤਕ ਆਯੂ ਕੇਵਲ ੪੩ ਸਾਲ ੧ ਮਹੀਨਾ ਅਤੇ ੧੨ ਦਿਨ ਬਣਦੀ ਹੈ, ਪਰੰਤੂ ਇਸ ਥੋੜ੍ਹੇ ਜਿਹੇ ਸਮੇਂ ਵਿਚ ਵੀ "ਕਲਜੁਗਿ ਜਹਾਜੁ ਅਰਜੁਨੁ ਗੁਰੂ" ਜੀ ਦੇ ਗੁਰਬਾਣੀ ਅਤੇ ਗੁਰਇਤਿਹਾਸ ਰਾਹੀਂ ਅਨੇਕਾਂ ਹੀ ਰੂਪਾਂ ਵਿਚ ਦੀਦਾਰੇ ਹੁੰਦੇ ਹਨ, ਜਿਨ੍ਹਾਂ ਵਿਚੋਂ ਹੇਠ ਲਿਖੇ ਅਨੁਸਾਰ ਕੇਵਲ ੧੫ (ਪੰਦਰਹ) ਦੀਦਾਰੇ ਦਰਸਾਏ ਹਨ :-

੧. ਸਪੁਤਰ ਆਗਿਆਕਾਰੀ

ਪਿਤਾ ਜੀ ਦੇ ਹਰਿ ਹੁਕਮ ਦੀ ਪਾਲਣਾ ਕਰਦੇ ਹੋਏ ਇਕ ਆਗਿਆਕਾਰੀ ਸਪੁਤ੍ਰ ਦੇ ਰੂਪ ਵਿਚ ਦੀਦਾਰ ਹੁੰਦਾ ਹੈ।

੨. ਪੂਰਨ ਗੁਰੂ

ਬ੍ਰਾਹਮਣ ਜਾਤੀ ਦੇ ਭੱਟ ਸੰਗਿਆ ਵਾਲੇ ਭੱਟਾਂ ਵਿਚੋਂ ਕਲ੍ਹਸਹਾਰ, ਭਲ੍ਹ, ਨਲ੍ਹ, ਸਲ੍ਹ ਮਥੁਰਾ ਆਦਿਕ ੧੧ ਭੱਟ ਮਹਾਂ ਵਿਦਵਾਨ ਬਲਕਿ ਆਪਣੇ ਆਪ ਨੂੰ ਵੇਦਾਂ ਦਾ ਅਵਤਾਰ ਕਹਾਉਣ ਵਾਲੇ ਅਪਣੀ ਕਲਿਆਣ ਹਿੱਤ ਕਿਸੇ ਪੂਰਨ ਗੁਰੂ ਦੀ ਭਾਲ ਵਿਚ ਕਈ ਸਾਧੂਆਂ, ਸੰਨਿਆਸੀਆਂ, ਤਪੱਸਵੀ ਆਦਿਕਾਂ ਦੇ ਡੇਰਿਆਂ, ਮੱਠਾਂ ਆਸ੍ਰਮਾਂ ਵਿਚੋਂ ਨਿਰਾਸ ਹੋ ਕੇ ਸੰਮਤ ੧੬੩੮ ਸੰਨ ੧੫੮੧ ਸਮੇਂ ਗੋਇੰਦਵਾਲ ਪੁਜੇ।

ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਦੇ ਸਾਰ ਹੀ 'ਦਰਸਨੁ ਭੇਟਤ ਹੋਤ ਨਿਹਾਲ' ਅਤੇ 'ਤਨੁ ਮਨੁ ਮੇਰਾ ਠਾਰ ਥੀਓ' ਵਾਲੀ ਅਵੱਸਥਾ ਪ੍ਰਾਪਤ ਹੋ ਗਈ।

ਫਿਰ ਕੀ ਸੀ "ਜਪ੍ਹਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ" ਅਤੇ 'ਕਲਜੁਗਿ ਜਹਾਜੁ ਅਰਜੁਨ ਗੁਰੂ' ਤਥਾ 'ਧਰਮ ਧੁਜਾ ਅਰਜੁਨੁਹਰਿ ਭਗਤਾ' ਆਦਿਕ ਰੂਪਾਂ ਵਿਚ ਦਰਸ਼ਨ ਕਰਦਿਆਂ ਹੋਇਆਂ "ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ" ਉਚਾਰਦੇ ਹੋਏ ਪੂਰਨ ਗੁਰੂ, ਗੁਰੂ ਅਰਜੁਨ ਜੋਗੇ ਹੀ ਹੋ ਗਏ।

੩. ਕੀਰਤਨ ਰਸੀਆ

ਪੰਚਮ ਪਾਤਸ਼ਾਹ ਜੀ ਕੀਰਤਨ ਸਬੰਧੀ ਆਪਣੇ ਵਲਵਲੇ

ਹੇਠ ਲਿਖੇ ਅਨੁਸਾਰ ਗੁਰਬਾਣੀ ਦੁਆਰਾ ਇੰਝ ਪ੍ਰਗਟ ਕਰਦੇ ਹਨ, ਜਿਵੇਂ ਕਿ :

"ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥

"ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ"

"ਸੋ ਅਸਥਾਨੁ ਬਤਾਵਹੁ ਮੀਤਾ
ਜਾ ਕੈ ਹਰਿ ਹਰਿ ਕੀਰਤਨੁ ਨੀਤਾ"

"ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ"

"ਹਰਿ ਕੀਰਤਨ ਮਹਿ ਇਹੁ ਮਨੁ ਜਾਗੈ" ਆਦਿਕ ਕੇਵਲ ਕਥਨੀ ਦੁਆਰਾ ਹੀ ਨਹੀਂ ਹੱਥ ਵਿਚ ਸਿਰੰਦਾ ਫੜ੍ਹ ਕੇ "ਮੋਹਨ ਤੇਰੇ ਊਚੇ ਮੰਦਰ" ਆਦਿਕ ਗਾਇਨ ਕਰਦੇ ਹੋਏ ਮੋਹਨ (ਅਕਾਲਪੁਰਖ) ਵਿਚ ਆਪਾ ਲੀਨ ਕਰ ਦਿੰਦੇ ਸਨ।

ਇਤਨਾ ਹੀ ਨਹੀਂ ਕੀਰਤਨ ਦੇ ਸਤਿਕਾਰ ਹਿੱਤ ਰੁਸੇ ਹੋਏ ਬਲਵੰਡ-ਸੱਤੇ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਆਪ ਟੁਰ ਕੇ ਜਾਣ ਤੋਂ ਕੀਰਤਨ ਰਸੀਏ ਹੋਣ ਦਾ ਪ੍ਰਤੱਖ ਰੂਪ ਦਰਸਾਉਂਦੇ ਹਨ।

੪. ਸੇਵਕ

ਦੂਰੋਂ ਨੇੜਿਓਂ ਆਈਆਂ ਸੰਗਤਾਂ ਦੇ ਸਨਮਾਨ ਹਿੱਤ ਗੁਰਦੁਆਰਾ ਪਿੱਪਲੀ ਸਾਹਿਬ (ਜੋ ਸ੍ਰੀ ਅੰਮ੍ਰਿਤਸਰੋਂ ਲਗਪਗ

੪ ਮੀਲ ਦੀ ਵਿੱਥ ਤੇ ਹੈ) ਤਕ ਅੱਗੋਂ ਲੈਣ ਜਾਣਾ, ਆਪਣੇ ਹੱਥੀਂ ਪ੍ਰਸ਼ਾਦਿ ਛਕਾਉਣੇ ਆਦਿਕ ਸੇਵਾ ਕਰਨ ਸਮੇਂ ਇਕ ਨਿਰਮਾਣ ਸੇਵਕ ਦੇ ਰੂਪ ਵਿਚ ਦਰਸ਼ਨ ਦੇਂਦੇ ਹਨ।

੫ ਸੁਧਾਰਕ

ਹਰ ਇਕ ਨੂੰ ਸਤਿ ਦੀ ਕਿਰਤ ਅਤੇ ਹਥੀਂ ਸੇਵਾ ਕਰਨ ਤਥਾ ਵੰਡ ਛਕਣ ਦੀ ਸਿਖਿਆ ਦੇਣ ਕਰਕੇ ਸਹੀ ਮਅਨਿਆਂ ਵਿਚ ਸੁਧਾਰਕ ਦ੍ਰਿਸ਼ਟੀ ਆਉਂਦੇ ਹਨ।

੬. ਧਾਰਮਕ ਆਗੂ

ਅਪਣੇ ਆਪ ਨੂੰ ਸਰਵਰੀਏ "ਭਾਵ" ਸਖ਼ੀਸਰਵਰ ਦੇ ਚੇਲੇ ਕਹਾਉਣ ਵਾਲੇ ਹੁਸ਼ਿਆਰਪੁਰੀਏ ਭਾਈ ਮੰਞ (ਜਿਸ ਦਾ ਅਸਲੀ ਨਾਮ ਤੀਰਥਾ ਸੀ) ਅਤੇ ਮਾਲਵਾ ਨਿਵਾਸੀ ਭਾਈ ਬਹਿਲੋ ਆਦਿਕਾਂ ਦੇ ਹਥੋਂ ਸਖ਼ੀ ਸਰਵਰ ਦੀਆਂ ਖੂੰਡੀਆਂ ਸੁਟਵਾ ਕੇ ਕਬੱਰਾਂ ਉਤੇ ਦੀਵੇ ਜਗਾਉਣ ਦੀ ਥਾਵੇਂ ਸੇਵਾ, ਸਿਮਰਨ, ਸਤਸੰਗ ਵਿਚ ਜੋੜਦਿਆਂ ਹੋਇਆਂ "ਮੰਞ ਪਿਆਰਾ ਗੁਰੂ ਨੂੰ, ਗੁਰ ਮੰਞ ਪਿਆਰਾ ਮੰਞ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ" ਅਤੇ 'ਭਾਈ ਬਹਿਲੋ ਸਭ ਤੋਂ ਪਹਿਲੋਂ' ਆਦਿਕ ਵੱਰ ਦੇ ਕੇ ਉਨ੍ਹਾਂ ਦੇ ਇਲਾਕਿਆਂ ਵਿਚ ਸਰਵਰੀਏ ਲੋਕਾਂ ਨੂੰ ਸੁਮਤਿ ਦੇਣ ਲਈ ਉਹਨਾਂ ਨੂੰ

ਆਗੂ ਥਾਪਣ ਕਰਕੇ ਗੁਰੂ ਅਰਜਨ ਦੇਵ ਜੀ ਯਥਾਰਥ ਰੂਪ ਵਿਚ ਧਾਰਮਿਕ ਆਗੂਆਂ ਵਾਲਾ ਦ੍ਰਿਸ਼ ਪੇਸ਼ ਕਰਦੇ ਹਨ।

੭. ਸੁਲਹ ਕੁੰਨ ਪੈਗੰਬਰ

ਕੱਤਕ ਸੁਦੀ ਪੰਚਮੀ ਸੰਮਤ ੧੬੪੫ ਸੰਨ ੧੫੮੮ ਵਿਚ ਪਰਮ ਪਾਵਨ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਸਾਂਈ ਮੀਆਂ ਮੀਰ (ਜਿਸ ਦਾ ਅਸਲੀ ਨਾਮ ਸ਼ੇਖ਼ ਮੁਹੰਮਦ ਮੀਰ ਸ਼ਾਹ ਸੀ) ਜੀ ਦੀ ਹਥੀਂ ਰਖਾਉਣ ਵੇਲੇ ਹਿੰਦੂ-ਮੁਸਲਮਾਨਾਂ ਵਿਚ ਪਈ ਹੋਈ ਇਕ ਵਡੀ ਭਾਰੀ ਖ਼ਲੀਜ ਵਰਗੀ ਵਿੱਥ ਨੂੰ ਦੂਰ ਕਰਨ ਦਾ ਜਤਨ ਕਰਦੇ ਹੋਏ ਸੁਲਹ ਕੁੰਨ ਪੈਗੰਬਰ ਦਾ ਜਲਵਾ ਪੇਸ਼ ਕਰਦੇ ਹਨ।

੮. ਸੰਗੀਤਕਾਰ

ਰਾਗੀਆਂ ਨੂੰ ਰਾਗ ਗਾਇਣ ਸਮੇਂ ਘਰੁ ਇਕ ਤੋਂ ਲੈ ਕੇ ਸਤਾਰਾਂ ਘਰਾਂ ਤੱਕ ਸੂਚਨਾ ਦੇਣ ਅਤੇ ਸ਼ੁਧ ਰਾਗ ਤੱਥਾ ਮਿਲਾ ਕੇ ਗਾਇਣ ਦੀ ਪ੍ਰੇਰਨਾ ਦੇਣ ਤੋਂ ਇਕ ਪੱਕੇ ਸੰਗੀਤਕਾਰ ਤੱਕੇ ਜਾਂਦੇ ਹਨ, ਜਿਵੇਂ ਕਿ :

ਰਾਗ ਗਉੜੀ (ਸ਼ੁਧ ਗਉੜੀ) ਅਤੇ ਗਉੜੀ ਭੀ ਸੋਰਠ ਭੀ ਤਥਾ ਗਉੜੀ ਮਾਝ ਆਦਿਕ, ਫਿਰ ਸੂਹੀ ਅਤੇ ਸੂਹੀ

ਲਲਿਤ ਤਥਾ ਬਿਲਾਵਲ ਅਤੇ ਬਿਲਾਵਲ ਦਖਣੀ ਪੁੰਨਾ ਬਸੰਤ ਅਤੇ ਬਸੰਤ ਹਿੰਡੋਲ ਆਦਿਕਾਂ ਤੋਂ ਸਪੱਸ਼ਟ ਹੈ।

੯. ਰੂਹਾਨੀ ਤਬੀਬ

ਲਾਹੌਰ ਦੇ ਗਵਰਨਰ, ਸ਼ਾਹੀ ਹਕੀਮ ਵਜ਼ੀਰ ਖਾਨ (ਜੋ ਜਲੋਂਦਰ ਦੀ ਬੀਮਾਰੀ ਕਾਰਣ ਕਰੀਬੁਲ ਮਰਗ 'ਭਾਵ' ਮਰਦ ਮਰਾਂਦ ਹੋ ਚੁਕਾ ਸੀ) ਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਕਾਰ ਸੇਵਾ ਵਾਲੀ ਟੋਕਰੀ ਰਾਹੀਂ ਸ਼ਫਾਯਾਬ (ਨਵਾਂ ਨਰੋਆ) ਕਰਨ ਵੇਲੇ ਇਕ ਰੂਹਾਨੀ ਤਬੀਬ ਬਲਕਿ ਮੁਜਿਸਮਾਏ ਕਰਾਮਾਤ ਨਜ਼ਰੀ ਆਉਂਦੇ ਹਨ।

੧੦. ਮਹਾਂਕਵੀ

ਤ੍ਰੈਕਾਲ ਦਰਸ਼ੀ ਨਾਨਾ ਗੁਰੂ ਅਮਰਦਾਸ ਜੀ ਦੇ ਉਚਾਰੇ ਭਵਿਖਤ ਵਾਕ "ਦੋਹਤਾ ਬਾਣੀ ਕਾ ਬੋਹਥਾ" ਅਨੁਸਾਰ ਲਗ-ਪਗ ੨੨੨੦ ਸ਼ਬਦਾਂ ਅੰਦਰ ਪ੍ਰਗਟ ਕੀਤੇ ਗੁਰਮਤਿ ਸਿਧਾਂਤਾਂ (ਫਿਲਸਫਿਆਂ) ਤੋਂ ਇਕ ਚੋਟੀ ਦੇ ਦਾਰਸ਼ਨਿਕ ਅਤੇ ਮਹਾਂ ਕਵੀ ਦੇ ਰੂਪ ਵਿਚ ਦੀਦਾਰੇ ਹੁੰਦੇ ਹਨ।

੧੧. ਪਰਉਪਕਾਰ ਰੂਪੀ ਸਾਕਾਰ ਮੂਰਤਿ

ਸੰਮਤ ੧੬੫੪ ਸੰਨ ੧੫੯੭ ਵਿਚ ਲਾਹੌਰ ਸ਼ਹਿਰ ਅੰਦਰ ਬਹੁਤ ਜ਼ੋਰ ਦੀ ਫੈਲੀ ਹੋਈ ਭੁਖ-ਮਰੀ ਆਦਿਕ ਦੀ

ਬੀਮਾਰੀ ਜਿਸ ਦਾ ਜ਼ਿਕਰ ਇਕ ਮੁਸਲਮਾਨ ਮੂਰਖ਼ ਨੂਹੁਲ-ਹੱਕ ਇੰਜ ਕਰਦਾ ਹੈ ਕਿ ਭੁੱਖ ਅਤੇ ਬੀਮਾਰੀਆਂ ਕਾਰਣ ਲਾਹੌਰ ਦੀਆਂ ਗਲੀਆਂ ਬਾਜ਼ਾਰ ਮੁਰਦਿਆਂ ਨਾਲ ਭਰੇ ਦਿਸਦੇ ਸਨ।

ਉਤੇ ਦਸੇ ਅਨੁਸਾਰ ਲਾਹੌਰ ਦੀ ਇਤਨੀ ਤਰਸ ਜੋਗ ਮਾੜੀ ਹਾਲਤ ਹੋ ਗਈ ਸੀ ਕਿ ਆਗਰੇ ਵਿਚੋਂ ਅਕਬਰ ਪਾਤਸ਼ਾਹ ਨੂੰ ਵੀ ਕਈ ਰੁਝੇਵੇਂ ਛੱਡ ਕੇ ਉਚੇਚਿਆਂ ਲਾਹੌਰ ਆਉਣਾ ਪਿਆ ਸੀ।

ਉਸ ਸਮੇਂ ਗੁਰੂ ਅਰਜੁਨ ਸਾਹਿਬ ਜੀ ਅਪਣੇ ਨਿਕਟ-ਵਰਤੀ ਸੇਵਕਾਂ ਨੂੰ ਨਾਲ ਲੈ ਕੇ ਸਹਿਤ ਪ੍ਰਵਾਰ ਅੰਮ੍ਰਿਤਸਰੋਂ ਲਾਹੌਰ ਪੁਜੇ ਅਤੇ ਬਿਨਾਂ ਵਿਤਕਰੇ ਹਰਿ ਲੋੜਵੰਦ ਹਿੰਦੂ-ਮੁਸਲਮਾਨ ਦੇ ਘਰ ਜਾ ਕੇ ਅਪਣੀ ਕਾਰ ਭੇਟ ਅਤੇ ਦਸਵੰਧ ਆਦਿਕ ਦੀ ਸਾਰੀ ਮਾਇਆ ਗੁਰੂ ਕੀ ਗੋਲਕ ਥਾਵੇਂ ਗਰੀਬ ਗੁਰਬੇ ਦੇ ਦਾਰੂ-ਦਵਾ ਲਈ ਖਰਚ ਦਿਤੀ।

ਕੇਵਲ ਇਤਨਾ ਹੀ ਨਹੀਂ ਅਪਣੇ ਆਪ ਨੂੰ ਪ੍ਰਵਾਰ ਸਮੇਤ ਖ਼ਤਰੇ ਵਿਚ ਪਾ ਕੇ ਲਗ-ਪਗ ਅਠ-ਨੌ ਮਹੀਨੇ ਲਾ-ਵਾਰਸ ਮੁਰਦਿਆਂ ਦੇ ਖ਼ਫ਼ਨ-ਦਫ਼ਨ ਅਤੇ ਸਸਕਾਰਨ ਦਾ ਪ੍ਰਬੰਧ ਵੀ ਅਪਣੀ ਹੱਥੀਂ ਕਰਦੇ ਤੇ ਕਰਾਉਂਦੇ ਰਹੇ।

ਉਪ੍ਰੋਕਤ ਦ੍ਰਿਸ਼ ਨੂੰ ਤੱਕ ਤੱਕ ਕੇ ਲੋਕ ਅਸਚਰਜ ਹੁੰਦੇ

ਹੋਏ ਇਹ ਤਸੱਵਰ ਕਰਦੇ ਸਨ ਕਿ ਇਹ ਦੀਨਾਂ-ਦੁਖੀਆਂ ਦਾ ਦਰਦ ਵੰਡਣ ਵਾਲੀ ਪਰਉਪਕਾਰ ਰੂਪੀ ਸਾਕਾਰ ਮੂਰਤਿ ਹੈ।

੧੨. ਸੰਪਾਦਿਕ

ਆਦਿ ਗੁਰੂ ਗਰੰਥ ਸਾਹਿਬ (ਜਿਸ ਦੀ ਸੰਪਾਦਨਾ ਮਿਤੀ ਜੇਠ ਪਹਿਲੀ ਸੰਮਤ ੧੬੬੦ ਬਿਕਰਮੀ ਤੋਂ ਸ਼ੁਰੂ ਹੋ ਕੇ ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸਮਾਪਤ ਹੋਣ ਤੇ ਸ੍ਰੀ ਹਰਿ-ਮੰਦਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਹੋਇਆ) ਵਿਚ ਭਾਈ ਗੁਰਦਾਸ ਜੀ ਦੀ ਸਰਪ੍ਰਸਤੀ ਅਤੇ ਲੇਖਣੀ ਰਾਹੀਂ ਗੁਰੂ ਜੀ ਨੇ ਜਿਸ ਅਲੌਕਿਕ ਢੰਗ ਅਤੇ ਤਰਤੀਬ ਨਾਲ ਬਾਣੀ ਸੰਪਾ-ਦਨ ਕਰਾਈ ਉਸ ਤੋਂ ਸੰਸਾਰ ਭਰ ਦੇ ਸੰਪਾਦਕਾਂ ਵਿਚੋਂ ਸ਼੍ਰੋਮਣੀ ਸੰਪਾਦਕ ਦਿਸਦੇ ਹਨ। ਜਿਵੇਂ ਕਿ ਰਾਗਾਂ ਅਤੇ ਸ਼ਬਦਾਂ ਤੱਥਾ ਬਾਣੀਆਂ ਦੇ ਸਿਰ ਲੇਖਾਂ ਨਾਲ ਲੱਗੇ ਹੋਏ ਪੜ੍ਹਨ ਵਾਲੇ ਅੰਕੜੇ ਉਪ੍ਰੰਤ ਸਬਦਾਂ ਤੇ ਬਾਣੀਆਂ ਦੇ ਅੰਦਰਲੇ ਅੰਕੜੇ ਫਿਰ ਬਾਣੀਆਂ ਤੇ ਸ਼ਬਦਾਇਕਾਂ ਦੀਆਂ ਸਮਾਪਤੀਆਂ ਸਮੇਂ ਅੰਤਲੇ ਅੰਕੜੇ ਨਾਲ ਹੀ ਟੋਟਲੀ ਜੋੜ ਆਦਿਕ--ਜਿਨ੍ਹਾਂ ਨੂੰ ਵੇਖ-ਵਿਚਾਰ ਕੇ ਗੁਰਬਾਣੀ ਦੇ ਖੋਜੀ ਸੂਝ-ਬੂਝ ਵਾਲੇ ਵਿਦਵਾਨ ਗੁਰੂ ਗ੍ਰੰਥ ਸਾਹਿਬ ਵਿਚ ਸੰਪਾ-ਦਨ ਹੋਈ ਬਾਣੀ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਅਥਵਾ ਹੋਰ ਕਿਸੇ ਗੁਰ-ਵਿਅਕਤੀ ਦੇ ਨਾਮ ਉਤੇ ਪ੍ਰਗਟ ਕੀਤੀਆਂ

ਕੱਚੀਆਂ ਬਾਣੀਆਂ ਜਿਵੇਂ ਕਿ: ਰਤਨਮਾਲਾ, ਪ੍ਰਾਣ ਸੰਗਲੀ, ਪੈਂਤੀਸ ਅਖਰੀ, ਨਸੀਹਤ ਨਾਮਾ, ਅਥਵਾ ਜਨਮ ਸਾਖੀਆਂ ਵਿਚ ਲਿਖੇ ਹੋਏ ਹੋਰ ਅਨੇਕ ਸ਼ਬਦਾਂ ਨੂੰ ਰਾਗ ਮਾਲਾ ਸਮੇਤ ਅਣਜਾਣ ਸਰਧਾਲੂਆਂ ਅਥਵਾ ਚਤੁਰ ਵਿਰੋਧੀਆਂ ਤੱਥਾਂ ਪਾਖੰਡੀ ਗਰੂਆਂ ਵਲੋਂ ਕੱਚੀਆਂ ਬਾਣੀਆਂ ਸਮਝਦੇ ਹਨ।

ਸੰਗਤਾਂ ਵਲੋਂ ਪੁੱਛ ਹੁੰਦੀ ਹੈ ਕਿ ਮਹਾਨਭਵੀ, ਚੋਟੀ ਦੇ ਵਿਦਵਾਨ, ਆਦਿ ਗੁਰੂ ਗਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਦੀ ਬਾਣੀ ਜਿਸ ਨੂੰ ਗੁਰੂ ਅਰਜੁਨ ਦੇਵ ਜੀ ਨੇ ਗੁਰਬਾਣੀ ਰੂਪੀ ਜੰਦਰੇ ਦੀ ਕੁੰਜੀ ਦੱਸਿਆ ਹੈ, ਉਹ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਨਾ ਹੋਣ ਦਾ ਕੀ ਕਾਰਣ ਹੈ ?

ਉੱਤਰ ਦੇਣ ਵਾਲੇ ਮਿੱਤਰਾਂ ਵਿਚੋਂ ਕਈ ਤਾਂ ਇਹ ਕਹਿੰਦੇ ਹਨ ਕਿ ਪੰਚਮ ਪਾਤਸ਼ਾਹ ਵਲੋਂ ਭਾਈ ਗੁਰਦਾਸ ਨੂੰ ਆਗਿਆ ਹੋਈ ਕਿ ਤੁਸੀਂ ਵੀ ਆਪਣੀ ਰਚਨਾ ਗੁਰੂ ਗਰੰਥ ਸਾਹਿਬ ਵਿਚ ਵਿਦਮਾਨ ਕਰੋ ਪਰੰਤੂ ਭਾਈ ਸਾਹਿਬ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਦਾਸ ਜੋੜਿਆਂ ਵਿਚ ਹੀ ਸ਼ੋਭਦੇ ਹਨ, ਬਰਾਬਰੀ ਨਹੀਂ ਕਰਦੇ।

ਕੋਈ ਕਹਿੰਦਾ ਹੈ ਕਿ ਭਾਈ ਗੁਰਦਾਸ ਜੀ ਜਦੋਂ ਆਪਣੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਚਾੜ੍ਹਨ ਲਈ ਗੁਰੂ ਜੀ ਅਗੇ ਬੇਨਤੀ ਕਰਣ ਲਗੇ ਤਾਂ ਉਹਨਾਂ ਨੂੰ ਊਂਘ ਆ ਗਈ ਤੇ ਉਸ

ਊਂਘ ਵਿਚਾਲੇ ਸੁਪਨੇ ਅੰਦਰ ਇਕ ਉਛਾਲੇ ਮਾਰਦੀ ਨਦੀ ਉਤੇ ਬੇੜੀ ਵਿਚ ਆਪਣੇ ਆਪ ਨੂੰ ਸਵਾਰ ਵੇਖਿਅ, ਜੇ ਭਾਈ ਸਾਹਿਬ ਆਪਣੀ ਬਾਣੀ ਪੜ੍ਹਦੇ ਹਨ ਤਾਂ ਬੇੜੀ ਤਰ ਡੁੱਬਣ ਲੱਗ ਪੈਂਦੀ ਹੈ ਤੇ ਜਦੋਂ ਗੁਰਬਾਣੀ ਪੜ੍ਹਦੇ ਹਨ ਤਾਂ ਓਹਾ ਬੇੜੀ ਪੈਂਦੀ ਹੈ ਜਿਸ ਤੋਂ ਭਾਈ ਸਾਹਿਬ ਜੀ ਨੂੰ ਗਿਆਨ ਹੋ ਗਿਆ ਕਿ ਮੇਰੀ ਬਾਣੀ ਗੁਰਬਾਣੀ ਵਿਚ ਦਰਜ ਹੋਣ ਯੋਗ ਨਹੀਂ।

ਉਪਰੋਕਤ ਦੋਵੇਂ ਉੱਤਰ ਪਹਿਲਾਂ ਤਾਂ ਆਪੋ ਵਿਚ ਹੀ ਵਿਰੋਧਭਾਵ ਰੱਖਦੇ ਹਨ। ਦੂਜਾ ਇਨ੍ਹਾਂ ਵਿਚੋਂ ਸੰਤੋਖਜਨਕ ਇਕ ਉੱਤਰ ਵੀ ਨਹੀਂ ਬਲਕਿ ਦੋਵੇਂ ਅਸੰਭਵ ਅਤੇ ਹਾਸੋ-ਹੀਣੇ ਹਨ।

ਪਹਿਲਾ ਇਹ ਕਿ ਮੈਂ ਬਰਾਬਰੀ ਨਹੀਂ ਕਰਦਾ 'ਭਾਵ' ਭਾਈ ਜੀ ਨੇ ਆਪਣੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਚਾੜ੍ਹਨ ਤੋਂ ਆਪ ਇਨਕਾਰ ਕੀਤਾ ਹਾਲਾਂ ਕਿ ਪੁਰਾਤਨ ਭਗਤਾਂ ਦੀਆਂ ਬਾਣ ਆਂ ਅਤੇ ਸਤੇ ਬਲਵੰਡ ਦੀ ਵਾਰ ਆਦਿਕ ਆਪ ਹੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਕਰ ਰਹੇ ਸਨ। 'ਕੀ' ਇਹ ਸਤੇ ਬਲਵੰਡ ਵਲੋਂ ਬਰਾਬਰੀ ਹੈ ? ਨਹੀਂ ! ਸਗੋਂ ਇਹ ਤਾਂ ਸਤਿਗੁਰੂ ਜੀ ਵਲੋਂ ਨਿਵਾਜਿਆ ਜਾ ਰਿਹਾ ਸੀ।

ਦੂਜਾ ਇਹ ਮਨੋਕਲਪਤ ਪ੍ਰਸੰਗ ਥੋੜੇ ਚਿਰ ਲਈ ਮੰਨ ਵੀ ਲਿਆ ਜਾਵੇ ਕਿ ਭਾਈ ਸਾਹਿਬ ਦੀ ਬਾਣੀ ਪੜ੍ਹਨ ਨਾਲ ਬੇੜੀ ਡੁੱਬਣ ਲਗ ਪਈ ਸੀ ਤਾਂ ਫਿਰ ਭਾਈ ਜੀ ਦੀ ਬਾਣੀ ਪੜ੍ਹ ਕੇ

ਆਪਣੀ ਬੇੜੀ ਜਾਣ ਬੁਝ ਕੇ ਡੋਬਣ ਵਾਲੀ ਗੱਲ ਨਹੀਂ ਤਾਂ ਹੋਰ ਕੀ ਹੈ ਜੋ ਤਿੰਨੋ ਕਾਲ ਅਸੰਭਵ ਹੈ।

ਦਰਅਸਲ ਇਤਿਹਾਸਕ ਖੋਜ-ਪੜਤਾਲ ਦੀ ਅਣਹੋਂਦ ਕਾਰਣ ਉੱਤੇ ਦਿਤੇ ਦੋਵੇਂ ਉੱਤਰ ਨਿਲਮੂਲ ਮਨੋਕਲਪਤ ਹਨ।

ਯਥਾਰਥ ਉਤਰ ਇਹ ਹੈ ਕਿ ਜਦੋਂ ਗੁਰੂ ਗਰੰਥ ਸਾਹਿਬ ਜੀ ਵਿਚ ਬਾਣੀ ਸੰਪਾਦਨ ਹੋ ਰਹੀ ਸੀ ਉਦੋਂ ਭਾਈ ਸਾਹਿਬ ਜੀ ਨੇ ਆਪਣੀ ਬਾਣੀ ਉਚਾਰੀ ਹੀ ਨਹੀ ਸੀ। ਜਿਸਦਾ ਜਿਉਂਦਾ ਜਾਗਦਾ, ਪ੍ਰਤਖ ਸਬੂਤ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਾਜਨਾ ਜੇਠ ੧ ਸੰਮਤ ੧੬੬੦ ਬਿ: ਨੂੰ ਅਰੰਭ ਹੋ ਕੇ ਭਾਦੋਂ ਸੁਦੀ ਏਕਮ ੧੬੬੧ ਵਿਚ ਸਮਾਪਤ ਹੋਈ ਪ੍ਰੰਤੂ ਭਾਈ ਸਾਹਿਬ ਜੀ ਨੇ ਆਪਣੀ ਬਾਣੀ ਰਚਣੀ ਪੰਚਮ ਗੁਰਦੇਵ ਜੀ ਦੀ ਸ਼ਹਾਦਤ ਤੋਂ ਵੀ ਪਿਛੇ ਸੰਮਤਿ ੧੬੬੩ ਵਿਚ ਅਰੰਭੀ ਸੀ।

ਸਬੂਤ ਵਜੋਂ ਪਹਿਲੀ ਵਾਰ ਦੀ ੪੮ਵੀਂ ਪਉੜੀ ਵੇਖੋ ਜਿਸਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗੱਦੀ ਬਿਰਾਜ-ਮਾਨ ਹੋਣ ਦਾ ਹੇਠ ਲਿਖਿਆ ਦ੍ਰਿਸ਼ ਦਰਸਾਇਆ ਹੈ :

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰਭਾਰੀ।
ਅਰਜੁਨ ਕਾਇਆ ਪਲਟ ਕੇ ਮੂਰਤ ਹਰਿ ਗੋਬਿੰਦ ਸਵਾਰੀ।

ਚਲੀ ਪੀੜੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ।
ਦਲਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ।

ਬ੍ਰਿਜ ਭਾਸ਼ਾ ਵਿਚ ਕਬਿਤ ਸ੍ਵਯੇ ਉਸ ਤੋਂ ਵੀ ਪਿਛੋਂ ਕਾਸ਼ੀ ਜੀ ਵਿਚ ਰਚੇ ਕਹੇ ਜਾਂਦੇ ਹਨ।

ਹੁਣ ਉਤਰਵੰਤ ਸੱਜਣਾਂ ਤੋਂ ਪੁੱਛਿਆ ਜਾਵੇ ਕਿ ਭਾਈ ਸਾਹਿਬ ਜੀ ਨੇ ਜਦ ਬਾਣੀ ਰਚਨੀ ਅਰੰਭੀ ਹੀ ਨਹੀਂ ਸੀ ਤਾਂ ਗੁਰੂ ਗਰੰਥ ਸਾਹਿਬ ਵਿਚ ਦਰਜ ਹੋਣ ਤੇ ਬੇੜੀ ਡੁਬਣ ਤੱਥਾ ਪੰਜਵੇਂ ਪਾਤਸ਼ਾਹ ਵੱਲੋਂ ਜੰਦਰਾ ਕੁੰਜੀ ਆਦਿਕ ਸ਼ਬਦ ਕਿਵੇਂ ਠੀਕ ਸਿੱਧ ਹੋ ਸਕਦੇ ਹਨ।

ਹਾਂ, ਇਹ ਹੋ ਸਕਦਾ ਹੈ, ਛੇਵੇਂ ਪਾਤਸ਼ਾਹ ਨੇ ਗੁਰਬਾਣੀ ਨੂੰ ਜਿੰਦਰਾ ਤੇ ਭਾਈ ਸਾਹਿਬ ਜੀ ਦੀ ਰਚਨਾ ਨੂੰ ਕੁੰਜੀ ਦੱਸਿਆ ਹੋਵੇ, ਤਾਂ ਮੰਨਣ ਜੋਗ ਹੈ।

੧੩. ਸਾਂਝੀਵਾਲਤਾ ਦੇ ਅਵਤਾਰ

ਵੇਦਾਂ, ਸ਼ਾਸਤਰਾਂ ਅਤੇ ਤੌਰੇਤ, ਜ਼ਬੂਰ, ਅੰਜੀਲ, ਕੁਰਾਨ ਆਦਿਕ ਦੇ ਲਿਖਾਰੀਆਂ ਨੇ ਕਿਸੇ ਦੂਜੇ ਮੱਤ ਦੇ ਧਾਰਮਿਕ ਆਗੂ ਦੀ ਕਲਾਮ (ਬਾਣੀ) ਨੂੰ ਨਾਮਮਾਤ੍ਰ ਵੀ ਜਗ੍ਹਾ ਨਹੀਂ ਦਿੱਤੀ ਬਲਕਿ ਇਕ ਦੂਜੇ ਦੀਆਂ ਭਾਸ਼ਾਵਾਂ (ਬੋਲੀਆਂ) ਨੂੰ ਕਾਫ਼ਰਾਂ ਦੀ ਕਲਾਮ ਅਤੇ ਮਲੇਛਾਂ ਦੀ ਬਾਣੀ ਆਖਿਆ ਹੈ। ਪ੍ਰੰਤੂ ਧੰਨ ਹਨ ਸਾਂਝੀਵਾਲਤਾ ਦੇ ਅਵਤਾਰ ਸਤਿਗੁਰੂ ਅਰਜੁਨ

ਦੇਵ ਜੀ ਜਿਨ੍ਹਾਂ ਗੁਰੂ ਨਾਨਕ ਦੇਵ ਤੋਂ ਆਦਿ-ਗੁਰ-ਵਿਅਕਤੀਆਂ ਦੀਆਂ ਲੀਹਾਂ ਉਤੇ ਚਲਦਿਆਂ ਹੋਇਆਂ ਬਿਨਾਂ ਵਿਤਕਰੇ ਬ੍ਰਾਹਮਣਾਂ ਅਤੇ ਉਚੀਆਂ ਨੀਵੀਆਂ ਜਾਤਾਂ ਦੇ ਅਨੇਕ ਭਗਤਾਂ ਬਲਕਿ ਮੁਸਲਮਾਨਾਂ ਦੀਆਂ ਬਾਣੀਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਰੂਪੀ ਸਿੰਘਾਸਣ ਉਤੇ ਸਨਮਾਨ ਦੇ ਕੇ ਸਹੀ ਅਰਥਾਂ ਵਿਚ ਸੈਕਲੂਰਇਜ਼ਮ ਅਰਥਾਤ ਸਾਂਝੀ ਵਾਲਤਾ ਨੂੰ ਯਥਾਰੱਤ ਰੂਪ ਵਿਚ ਦਰਸਾਇਆ, ਇਸ ਲਈ ਪੰਚਮ ਪਾਤਿਸ਼ਾਹ ਸਾਂਝੀਵਾਲਤਾ ਦੇ ਅਵਤਾਰ ਰੂਪ ਵਿਚ ਦਰਸ਼ਨ ਦਿੰਦੇ ਹਨ।

੧੪. ਸਾਬਰ

ਸਿੱਖ ਇਤਿਹਾਸ ਤੋਂ ਸਪਸ਼ਟ ਹੁੰਦਾ ਹੈ ਕਿ ਚਉਥੇ ਪਾਤਸ਼ਾਹ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਬਾਬਾ ਪ੍ਰਿਥੀ ਚੰਦ ਨੂੰ ਗੁਰਗੱਦੀ ਜੋਗਾ ਨਾ ਸਮਝ ਕੇ "ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ" ਵਾਕੁਨਸਾਰ ਜਗਤ ਉਧਾਰਹਿਤ ਆਪਣੀ ਜੋਤਿ ਗੁਰੂ ਅਰਜੁਨ ਦੇਵ ਜੀ ਵਿਚ ਲੀਨ ਕਰਿ ਦਿਤੀ ਤਾਂ ਪ੍ਰਿਥੀਚੰਦ ਜੀ ਆਪਣੇ ਈਰਖਾਲੂ ਸੁਭਾ ਅਨੁਸਾਰ ਗੁਰੂ ਅਰਜੁਨ ਸਾਹਿਬ ਉਤੇ ਗੁਪਤ-ਪ੍ਰਗਟ ਦੋਹਾਂ ਰੂਪਾਂ ਵਿਚ ਵਧੀਕੀਆਂ ਹੀ ਵਧੀਕੀਆਂ ਕਰਨ ਤੇ ਉਤਰ ਆਏ। ਜਿਵੇਂ ਕਿ ਬਾਹਰੋਂ ਆਈਆਂ ਸੰਗਤਾਂ ਤੋਂ ਕਾਰ ਭੇਟ ਆਪ ਲੈ ਲੈਣੀ ਤੇ ਨਾਲ ਹੀ ਸ਼ਹਿਰ ਦੀ ਚੁੰਗੀ ਆਦਿਕ ਵੀ ਉਗਰਾਹ ਲੈਣੀ ਪਰੰਤੂ ਪ੍ਰਸ਼ਾਦਿ ਛੱਕਣ ਵੇਲੇ ਸਿਖ-ਸੰਗਤਾਂ ਨੂੰ ਗੁਰੂ ਅਰਜੁਨ ਦੇਵ ਜੀ ਦੇ ਲੰਗਰ ਵਿਚ ਭੇਜ ਦੇਣਾ।

ਰੱਬਾਬੀ ਬਲਵੰਡ ਅਤੇ ਸੱਤੇ ਨੂੰ ਇਥੋਂ ਤੱਕ ਚੁਕਿਆ ਕਿ ਉਹ ਵਿਆਹ ਲਈ ਮਾਇਆ ਥੋੜੀ ਦਾ ਬਹਾਨਾ ਲੱਭ ਕੇ ਅਗੋਂ ਲਈ ਕੀਰਤਨ ਕਰਨੋਂ ਹੀ ਆਕੜ ਖਲੋਤੇ ਬਲਕਿ ਗੁਰੂ ਸਾਹਿਬਾਨ ਸਬੰਧੀ ਕੁਬੋਲ ਬੋਲਣ ਤੱਕ ਵੀ ਤੁੱਲ ਗਏ ।

ਅਕਬੱਰ ਪਾਤਸ਼ਾਹ ਨੂੰ ਗੁਰੂ ਅਰਜੁਨ ਸਾਹਿਬ ਜੀ ਦੇ ਵਿਰੁੱਧ ਉਭਾਰਨ ਲਈ* ਬੀਰਬਲ ਰਾਹੀਂ ਕਈ ਵਾਰੀ ਗੁਰੂ ਜੀ ਉਤੇ ਝੂਠੀਆਂ ਸ਼ਿਕਾਇਤਾਂ ਵੀ ਕੀਤੀਆਂ ।

---

* ਪਾਠਕਾਂ ਦੀ ਗਿਆਤਹਿਤ ਬੀਰਬਲ ਸਬੰਧੀ ਸੰਖੇਪਕ ਰੂਪ ਵਿਚ ਜਾਣ ਪਛਾਣ ਇਹ ਹੈ ਕਿ ਬੀਰਬਲ ਦਾ ਅਸਲੀ ਨਾਮ ਮਹੇਸ਼ ਦਾਸ ਅਤੇ ਜਾਤਿ ਦਾ ਬ੍ਰਾਹਮਣ ਸੀ ।

ਪਹਿਲਾਂ ਇਹ ਜੈਪੁਰ ਦੇ ਰਾਜੇ ਭਗਵਾਨ ਦਾਸ ਕੋਲ ਮੁਲਾਜ਼ਮ ਰਿਹਾ, ਫਿਰ ਮਾਨ ਸਿੰਘ ਰਾਹੀਂ ਦਿਲੀ ਵਿਚ ਅਕਬਰ ਪਾਤਸ਼ਾਹ ਦੀ ਨੌਕਰੀ ਮਿਲ ਗਈ ।

ਚੰਗਾ ਗਵੱਈਆ ਅਤੇ ਮਸਖ਼ਰਾ ਤੇ ਨਾਲ ਹੀ ਹਾਜ਼ਰ ਜਵਾਬ ਹੋਣ ਕਰਕੇ ਬੀਰਬਲ ਅਕਬਰ ਦੇ ਮੂੰਹ-ਚਿਤ ਲਗਦਾ ਨਿਕਟ ਵਰਤੀ ਹੋ ਗਿਆ ਪ੍ਰੰਤੂ ਪੁਰਾਣਕ ਮਤਿ ਅਨੁਸਾਰ ਪੁਰਾਣੀਆ ਲੀਹਾਂ ਉਤੇ ਚਲਣ ਵਾਲਾ ਜਾਤਿ ਅਭਿਮਾਨੀ ਹੋਣ ਕਰਕੇ ਗੁਰਮਤਿ ਪ੍ਰਚਾਰ ਤੋਂ ਚਿੜ੍ਹ ਖਾ ਕੇ ਗੁਰੂ ਘਰ ਦਾ ਕਟੱੜ ਵਿਰੋਧੀ ਹੋ ਗਿਆ ਸੀ । ਤੱਦੇ ਹੀ ਗੋਇੰਦਵਾਲ ਵਿਚ ਗੁਰੂ ਘਰ ਦਾ ਤੇਜ ਪ੍ਰਤਾਪ ਅਤੇ ਬਿਨਾ ਛੂਤ-ਛਾਤ ਲੰਗਰ ਚਲਦਾ ਵੇਖ ਕੇ ਗੁਰੂ ਅਮਰਦਾਸ ਜੀ ਦੇ ਵਿਰੁਧ ਕਈ ਵਾਰੀ ਅਕਬਰ ਨੂੰ ਚੁੱਕਣ ਦਾ ਯਤਨ ਕਰਦਾ ਸੀ ਪਰ ਅਕਬਰ ਦੀ ਸੂਝ-ਬੂਝ ਅਗੇ ਇਸਦੀ ਪੇਸ਼ ਨਹੀਂ ਜਾਂਦੀ ਸੀ ।

ਅੰਤ ਪਿਸ਼ੌਰੋਂ ਅਗੇ ਸ੍ਵਾਤ ਦੇ ਇਲਾਕੇ ਵਿਚ ਯੂਸਫਜ਼ੱਈ ਪਠਾਣਾਂ ਨਾਲ ਲੜਾਈ ਸਮੇਂ ਜ਼ੈਨ ਖ਼ਾਨ ਦੀ ਮਦੱਦ ਉਤੇ ਗਿਆਂ ਹੋਇਆਂ ਸੰਮਤ ੧੬੪੩ ਸੰਨ ੧੫੮੬ ਵਿਚ ਬੀਰਬਲ ਫ਼ੌਜ ਸਮੇਤ ਉਥੇ ਹੀ ਮਾਰਿਆ ਗਿਆ ।

ਬੀਰਬਲ ਗੁਰੂ ਘਰ ਦਾ ਭਾਵੇਂ ਕਿਤਨਾ ਹੀ ਵਿਰੋਧੀ ਸੀ ਪਰ ਬਾਬਾ ਪ੍ਰਿਥੀ ਚੰਦ ਜੀ ਆਪਣੇ ਸੁਆਰਥ ਹਿਤ ਅਣਖ-ਗ਼ੈਰਤ ਛੱਡ ਕੇ ਉਸ ਨਾਲ ਗੰਢ-ਤੁੱਪ ਰਖਦੇ ਸਨ।

ਫਿਰ ਪ੍ਰਿਥੀ ਚੰਦ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਾਣ ਅੰਤ ਕਰਨ ਲਈ ਅੰਮ੍ਰਿਤਸਰੋਂ ਇਕ ਕੁਟਲ ਇਸਤ੍ਰੀ ਨੂੰ ਬਹੁਤ ਮਾਇਆ ਦੇ ਕੇ ਉਸਦੇ ਥੱਣਾਂ ਉਤੇ ਜ਼ਹਿਰ ਲਵਾਈ ਤੇ ਉਸਨੂੰ ਸੰਮਤ ੧੬੫੩ ਦੇ ਲਾਗੇ ਗੁਰੂ ਕੀ ਵਡਾਲੀ ਭੇਜਿਆ ਪ੍ਰੰਤੂ ਮਾਰਣ ਗਈ ਉਹ ਆਪ ਹੀ ਮਰ ਗਈ।

ਕੇਵਲ ਇਤਨਾਂ ਹੀ ਨਹੀਂ ਸੰਮਤ ੧੬੫੪ ਦੇ ਲਾਗੇ-ਚਾਗੇ ਛੇਵੇਂ ਪਾਤਸ਼ਾਹ ਨੂੰ ਜ਼ਹਿਰੀ ਸੱਪ ਲੜਾਉਣ ਹਿਤ ਇਕ ਸਪੇਰੇ ਨੂੰ ਵਡਾਲੀ ਘੱਲਿਆ ਪ੍ਰੰਤੂ ਸਪਾਧਾ ਵੀ ਆਪਣੇ ਮਨੋ-ਰਥ ਵਿਚ ਸਫ਼ਲ ਨਾ ਹੋ ਸਕਿਆ ਜਿਸ ਕਾਰਣ ਪ੍ਰਿਥੀ ਚੰਦ ਜੀ ਨੂੰ ਨਿਰਾਸਤਾ ਦਾ ਮੂੰਹ ਹੀ ਵੇਖਣਾ ਪਿਆ।

ਇਥੇ ਹੀ ਬਸ ਨਹੀਂ ਅੰਮ੍ਰਿਤਸਰ ਵਿਚ ਬਾਲ ਗੁਰੂ ਜੀ ਦੇ ਖਿਡਾਵੇ ਬ੍ਰਾਹਮਣ ਹਥੀਂ ਦਹੀਂ ਵਿਚ ਜ਼ਹਿਰ ਖਵਾਉਣ ਦਾ ਜਤਨ ਵੀ ਕੀਤਾ ਜੋ ਗੁਰੂ ਜੀ ਨੇ ਦਹੀਂ ਨ ਖਾਧੀ, ਪਰ ਇਸ ਘੋਰ ਪਾਪ ਬਦਲੇ ਬ੍ਰਾਹਮਣ ਦੇ ਪੇਟ ਵਿਚ ਸੂਲ ਉਠਣ ਨਾਲ ਉਸਦੀ ਆਪਣੀ ਮੌਤ ਹੋ ਗਈ। ਜਿਵੇਂ ਕਿ "ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ"

ਆਦਿਕ ਸਾਰੇ ਸ਼ਬਦ ਰਾਗ ਭੈਰਉ ਮਹਲਾ ਪੰਜਵਾਂ ਤੋਂ ਪ੍ਰਗਟ ਹੈ।

ਇਤਿਆਦਿਕ ਨਿਤਾ ਪ੍ਰਤਿ ਕੋਝੇ ਤੋਂ ਕੋਝੇ ਜਤਨਾਂ ਕਾਰਣ ਸਾਰੇ ਸ਼ਹਿਰ ਵਿਚ ਬਦਨਾਮੀ ਹੀ ਬਦਨਾਮੀ ਹੋਣ ਕਰਕੇ ਪ੍ਰਿਥੀ ਚੰਦ ਜੀ ਨੂੰ ਅੰਮ੍ਰਿਤਸਰ ਛੱਡ ਕੇ ਆਪਣੇ ਸੌਹਰੇ ਪਿੰਡ 'ਹੇਹਰੀਂ' ਜ਼ਿਲਾ ਲਾਹੌਰ ਵਿਚ ਆਉਣਾ ਪਿਆ ਪਰ 'ਹੇਹਰਾਂ' ਵਿਚ ਆਕੇ ਵੀ ਬਾਬਾ ਜੀ ਦੇ ਅੰਦਰੋਂ ਵੱਟ-ਵਿਰੋਧ ਨਾ ਗਿਆ ਸਗੋਂ ਹੋਰ ਵਧੇਰੇ ਹੱਥ-ਪੈਰ ਮਾਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁਕਾਬਲੇ ਉਤੇ ਦੂਖ ਨਿਵਾਰਨ ਸਰੋਵਰ ਰਚਿਆ। ਕੁਝ ਆਪ ਤੇ ਕੁਝ ਆਪਣੇ ਪੁਤਰ ਮਿਹਰਵਾਨ ਰਾਹੀਂ 'ਨਾਨਕ' ਨਾਮ ਉਤੇ ਕਈ ਕਚੀਆਂ ਬਾਣੀਆਂ ਵੀ ਰਚਨੀਆਂ ਅਰੰਭ ਕਰ ਦਿਤੀਆਂ।

ਪ੍ਰਿਥੀਚੰਦ ਜੀ ਦੇ ਅੰਦਰੋਂ ਵੈਰ-ਵਿਰੋਧ ਦੂਰ ਕਰਨ ਲਈ ਪੰਜਵੇਂ ਪਾਤਸ਼ਾਹ ਜੀ ਨੇ ਭਾਈ ਗੁਰਦਾਸ ਜੀ ਨੂੰ ਵੀ 'ਹੇਹਰੀਂ' ਪਿੰਡ ਭੇਜਿਆ ਪ੍ਰੰਤੂ ਪ੍ਰਿਥੀਚੰਦ ਜੀ ਨੇ ਉਹਨਾਂ ਦੀ ਭੀ ਇਕ ਨਾ ਮੰਨੀ ਸਗੋਂ ਵਧੇਰੇ ਕ੍ਰੋਧਾਤੁਰ ਹੋ ਕੇ ਕਠੋਰ ਤੋਂ ਕਠੋਰ ਵਾਕ ਵਰਤੇ ਜਿਸ ਤੋਂ ਭਾਈ ਸਾਹਿਬ ਜੀ ਨੇ ਆਪ-ਣਿਆਂ ਰਚੀਆਂ ਵਾਰਾਂ ਵਿਚ ਮੀਣੇ (ਪ੍ਰਿਥੀਚੰਦ) ਸਬੰਧੀ ਵੀ ਗੁਰਸਿੱਖ-ਸੰਗਤਾਂ ਨੂੰ ਸੁਚੇਤ ਕਰਣ ਵਾਸਤੇ ਪਉੜੀਆਂ ਲਿਖੀਆਂ।

ਹੋਰ ਸੁਣੋਂ ਗੁਰੂ ਜੀ ਅਤੇ ਗੁਰਸਿਖ-ਸੇਵਕਾਂ ਨੂੰ ਡਰਾ-ਉਣ ਧਮਕਾਉਣ ਲਈ ਇਕ ਜ਼ਾਲਮ ਅਫ਼ਸਰ ਸੁਲਹੀ ਖ਼ਾਨ ਪਠਾਣ ਨੂੰ ਲਾਹੌਰੋਂ ਚੜ੍ਹਾ ਕੇ ਲਿਆਇਆ ਜੋ ਅੰਮ੍ਰਿਤਸਰ ਪੁੱਜਣ ਤੋਂ ਪਹਿਲਾਂ ਹੀ 'ਹੇਹਰੀਂ' ਪਿੰਡ ਪ੍ਰਿਥੀਚੰਦ ਜੀ ਦੇ ਚੜੇ ਹੋਏ ਭੱਠੇ ਵਿਚ ਡਿੱਗ ਕੇ ਘੋੜੇ ਸਮੇਤ ਸੜ ਮੋਇਆ ਜਿਵੇਂ ਕਿ ਰਾਗ ਬਿਲਾਵਲੁ ਮਹਲਾ ੫ ਤੋਂ ਸਪਸ਼ਟ ਹੈ ਯਥਾ :

"ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕ॥"

ਮੁਕਦੀ ਗਲ ਸੰਮਤ ੧੬੩੮ ਸੰਨ ੧੫੮੧ ਤੋਂ ਲੈ ਕੇ ਲਗਪਗ ੨੪ ਸਾਲ ਪ੍ਰਿਥੀਚੰਦ ਜੀ ਨਵੇਂ ਸੂਰਜ ਗੁਰੂ ਸਾਹਿਬ ਉਤੇ ਵਧੀਕੀਆਂ ਹੀ ਵਧੀਕੀਆਂ ਕਰਦੇ ਅਤੇ ਕਸ਼ਟ ਦਿੰਦੇ ਹੋਏ ਅੰਤ ਸੰਮਤ ੧੬੬੨ ਸੰਨ ੧੬੦੫ ਵਿਚ ਪ੍ਰਲੋਕ ਸਿਧਾਰ ਗਏ।

ਦੂਜੇ ਪਾਸੇ ਸ਼ਾਂਤ ਸਰੂਪ ਪੰਚਮ ਪਾਤਸ਼ਾਹ ਨੇ ਉਪ੍ਰੋਕਤ ਕਸ਼ਟਾਂ ਨੂੰ ਖਿੜੇ ਮਥੇ ਸਹਾਰਦਿਆਂ ਹੋਇਆਂ ' ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ" ਵਾਲਾ ਪ੍ਰਤੱਖ ਸਬੂਤ ਦੇਣ ਹਿਤ ਪ੍ਰਿਥੀਚੰਦ ਜੀ ਦੇ ਠਾਠਾਂ ਮਾਰਦੇ ਹੋਇ ਅਤਿਆਚਾਰਾਂ ਅਤੇ ਵਧੀਕੀਆਂ ਦੇ ਹੜ੍ਹ ਵਿਚ ਸਬਰ-ਸ਼ੁਕਰ ਦੀਆਂ ਤਾਰੀਆਂ ਲਾਂਦੇ ਹੋਇ ਵੱਡੇ ਵੱਡੇ ਸਾਬਰਾਂ ਦੇ ਸਬਰ ਨੂੰ ਵੀ ਮਾਤ ਕਰਦੇ ਰਹੇ। ਇਸ ਲਈ ਗੁਰੂ ਅਰਜਨ ਦੇਵ ਜੀ ਚੋਟੀ ਦੇ ਸਾਬਰ ਕਹਾਉਣ ਦਾ ਪੂਰਾ ਪੂਰਾ ਹੱਕ ਰਖਦੇ ਹਨ।

੧੫. ਲਾਸਾਨੀ ਸ਼ਹੀਦ

ਕੋਈ ਸ਼ੱਕ ਨਹੀਂ ਕਿ ਹਜ਼ਰਤ ਈਸਾ ਸਾਹਿਬ ਜੀ ਅਤੇ ਸ਼ੱਮਸਤਬਰੇਜ਼ ਤਥਾ ਮਨਸੂਰ ਆਦਿਕ ਅਨੇਕ ਆਸ਼ਕਾਂ. ਸਾਦਿਕਾਂ ਨੇ ਖੱਲਾਂ ਲੁਹਾਈਆਂ ਅਤੇ ਲੂੰ ਕੰਡੇ ਕਰਿ ਦੇਣ ਵਾਲੀਆਂ ਸੂਲੀਆਂ ਦੇ ਕਸ਼ਟ ਝੱਲ ਝੱਲ ਕੇ ਸ਼ਹੀਦੀਆਂ ਪ੍ਰਾਪਤ ਕੀਤ੍ਰੀਆਂ ਪਰ ਜੋ ਭਾਣਾ ਗੁਰੂ ਅਰਜੁਨ ਦੇਵ ਜੀ ਨਾਲ ਵਰਤਿਆ ਉਸਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ ਜਿਵੇਂ ਕਿ ਲਾਹੌਰ ਸ਼ਹਿਰ ਅੰਦਰ ਮਈ-ਜੂਨ ਦੀ ਜੋਬਨ ਉਤੇ ਆਈ ਹੋਈ ਗਰਮੀ ਹੋਵੇ, ਉਬਲਦੀ ਦੇਗ ਅੰਦਰ ਆਲੂਆਂ ਵਾਂਗ ਉਬਾਲੇ ਖਾਂਦਾ ਸ਼ਰੀਰ ਹੋਵੇ, ਫਿਰ ਅੱਗ ਵਾਂਗ ਭੱਖਦੀ ਤਵੀ ਉਤੇ ਸੜਦੀ-ਬਲਦੀ ਰੇਤ ਨਾਲ ਛਾਲੇ ਛਾਲੇ ਹੋਈ ਸੋਹਲ ਜਿੰਦੜੀ ਹੋਵੇ ਜਿਸ ਨੂੰ ਵੇਖ ਕੇ ਮੀਆਂ ਮੀਰ ਵਰਗੀ ਹਸਤੀ ਵੀ ਭੁਬਾਂ ਮਾਰ ਮਾਰ ਕੇ ਰੋ ਰਹੀ ਹੋਵੇ ਪਰ ਅਕਹਿ ਤੇ ਅਸਹਿ ਕਸ਼ਟ ਝੱਲਣ ਵਾਲੀ ਜਿੰਦੜੀ ਇਹ ਗੀਤ ਗਾ ਰਹੀ ਹੋਵੇ :

"ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਂਨਾ ॥"
"ਤੇਰਾ ਕੀਆ ਮੀਠਾ ਲਾਗੈ"
"ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ"

ਤਾਂ ਤੇ ਸ੍ਰੀ ਗੁਰੂ ਅਰਜੁਨ ਸਾਹਿਬ ਜੀ ਸ਼ਹੀਦਾਂ ਦੇ ਸਿਰਤਾਜ

ਲਾਸਾਨੀ ਸ਼ਹੀਦ ਦੇ ਰੂਪ ਵਿਚ ਦੀਦਾਰੇ ਦਿੰਦੇ ਹਨ। ਤੱਦੇ ਹੀ ਕਿਸੇ ਕਵੀ ਨੇ ਲਿਖਿਆ ਹੈ :

ਮਹਾਂਦੇਵ ਜੀ ਨੱਠੇ ਦੇਹ ਮਹੇਂ ਦੀ ਧੱਰ ਕੇ।
ਪ੍ਰਹਿਲਾਦ ਸੀ ਡਰਿਆ ਥੰਮ ਤੱਪਦਾ ਤੱਕ ਕੇ।
ਕ੍ਰਿਸ਼ਨ ਜੀ ਬਚੇ ਇਕ ਗੁਫ਼ਾ ਚਿ ਵੜ੍ਹ ਕੇ।
ਇਸ ਮੌਤ ਤੋਂ ਡਰ ਕੇ ਦਿਲ ਸਭ ਦਾ ਧੜ੍ਹਕੇ।
ਮੂਸਾ ਸੀ ਮੌਤੋਂ ਡਾਢੱਾ ਘਬਰਾਇਆ।
ਯੂਸਫ਼ ਸੀ ਨੱਠਾ ਉਸ ਦੇਸ ਤਜਾਇਆ।
ਖ਼ਲੀਲ ਸੀ ਔਰਤ ਨੂੰ ਭੈਣ ਦਸਾਇਆ।
ਈਸਾ ਕੁਰਲਾਇਆ ਕਰਿ ਖਲੀਆਂ ਬਾਹਵਾਂ।
ਜਿੰਦ ਰਖੀਂ ਰੱਬਾ ਬੱਸ ਏਹੋ ਚਾਹਵਾਂ।
ਨਬੀ ਦੰਦ ਤੁੜਾਏ ਲੋਥਾਂ ਵਿਚ ਵੱੜ ਕੇ।
ਇਸ ਮੌਤ ਤੋਂ ਡਰ ਕੇ ਦਿੱਲ ਸਭ ਦਾ ਧੜਕੇ।

ਧੰਨ ਸਤਿਗੁਰ ਮੇਰੇ
ਇਹ ਜਿਗਰੇ ਤੇਰੇ
ਗਰਮੀ ਦੀ ਰੁੱਤੇ
ਲੋਹ ਤੱਪਦੀ ਉੱਤੇ
ਸੀ ਚੌਕੜੀ ਮਾਰੀ
ਨਾ ਸੀ ਉਚਾਰੀ
ਖਿੜਦੇ ਨਾ ਖੱਪਦੇ
ਸਗੋਂ ਹੱਸਦੇ ਹੱਸਦੇ।

ਪੰਚਮ ਪਾਤਸ਼ਾਹ ਦੇ ਕੁਝ ਸ਼ਬਦਾਂ ਦੀਆਂ ਉਥਾਨਕਾਵਾਂ ਸਬੰਧੀ ਵਿਚਾਰ

ਕੁਝ ਕੁ ਟੀਕਾਕਾਰ ਅਤੇ ਇਤਿਹਾਸਕਾਰ ਸੱਜਣਾਂ ਦੇ ਜਾਣ-ਬੁਝ ਕੇ ਜਾਂ ਗੁਰਬਾਣੀ ਬੋਧ ਅਤੇ ਯੱਥਾਰਤ ਰੂਪ ਵਿਚ ਇਤਿਹਾਸਕ ਖੋਜ ਦੀ ਅਣਹੋਂਦ ਕਾਰਣ ਪੰਚਮ ਪਾਤਸ਼ਾਹ ਦੀ ਗੁਰੂਬਾਣੀ ਦੇ ਅਰਥ ਤਾਂ ਕਿਤੇ ਰਹੇ ਸਗੋਂ ਸੁਗਮ ਅਤੇ ਸਰਲ ਭਾਵਾਂ ਵਾਲੇ ਸ਼ਬਦਾਂ ਦੀਆਂ ਉਥਾਨਕਾਵਾਂ ਵੀ ਇਹੋ ਜਿਹੇ ਭੁਲੇਖੇ ਪਾਊ ਅਤੇ ਹਾਸੋ ਹੀਣੇ ਪ੍ਰਸੰਗਾਂ ਵਿਚ ਦਰਸਾਈਆਂ ਹਨ ਜੋ ਸੂਝ-ਬੂਝ ਵਾਲੇ ਵਿਦਵਾਨਾਂ ਅਤੇ ਇਤਿਹਾਸਕ ਖੋਜੀਆਂ ਨੂੰ ਅਤੀ ਸ਼ੋਕ ਦਾਇਕ ਪ੍ਰਤੀਤ ਹੁੰਦੀਆਂ ਹਨ ਜਿਹਨਾਂ ਵਿਚੋਂ ਕੁਝ ਕੁ ਗਿਣਵੀਆਂ ਉਥਾਨਕਾਵਾਂ ਅਗੇ ਦਰਸਾਈਆਂ ਹਨ :-

ਮਾਝ ਮਹਲਾ ੫

"ਮੇਰਾ ਮਨੁ ਲੋਚੈ ਗੁਰਦਰਸਨ ਤਾਈ"

ਵਾਲੇ ਸ਼ਬਦ ਵਿਚ ਪ੍ਰਤੱਖ ਹੀ ਪ੍ਰਭੂ ਮਿਲਾਪ ਹਿਤ ਸੰਤ ਰੂਪ ਗੁਰੂ ਅਗੇ ਪ੍ਰਗਟ ਕੀਤੀਆਂ ਤਾਂਘਾਂ ਅਤੇ ਸੱਧਰਾਂ ਨੂੰ

ਲਾਹੌਰੋਂ ਲਿਖੀਆਂ ਚਿਠੀਆਂ ਦਾ ਰੂਪ ਦੇ ਕੇ ਇਸ ਮਨ ਘੜਤ ਉਥਾਨਕਾ ਨੂੰ ਸਿੱਧ ਕਰਨ ਲਈ ਇਥੋਂ ਤੱਕ ਵਿਸਥਾਰ ਦਿਤਾ ਕਿ

ਪਹਿਲੀਆਂ ਦੋ ਚਿੱਠੀਆਂ ਪ੍ਰਿਥੀਚੰਦ ਜੀ ਨੇ ਆਪਣੇ ਕੋਲ ਰੱਖ ਲਈਆਂ...

ਤੀਜੀ ਚਿਠੀ ਆਉਣ ਉਤੇ ਪਾਜ ਉੱਘੜ ਗਿਆ ਪ੍ਰਿਥੀਚੰਦ ਜੀ ਉੱਕਾ ਹੀ ਮੁਕੱਰ ਗਏ.........................

ਚਉਥੇ ਪਾਤਸ਼ਾਹ ਨੇ ਉਸ ਦੇ ਖੀਸੇ ਵਿਚੋਂ ਚਿਠੀਆਂ ਕਢਵਾ ਲਈਆਂ ਇਤਿਆਦਿਕ।

ਨਿਰਣਾ

ਉਪ੍ਰੋਕਤ ਉਥਾਨਕਾ ਦੇ ਨਿਰਣੇ ਲਈ ਸਵਿ ਸਥਾਰ ਕਿੰਤੂ ਕੀਤੇ ਜਾਣ ਤਾਂ ਖਬਰੇ ਕਿਤਨੇ ਹੀ ਪਤਰੇ ਕਾਲੇ ਕਰਣੇ ਪੈਣਗੇ। ਇਸ ਲਈ ਸੰਖੇਪ ਰੂਪ ਵਿਚ ਇਤਨਾ ਹੀ ਕਾਫ਼ੀ ਹੈ, ਕਿ ਸ਼ਬਦ ਦਾ ਸਿਰਲੇਖ 'ਮਾਝ ਮਹਲਾ ੫' ਤੇ ਕਵਿ ਸੰਕੇਤੀ ਨੀਯਮ ਅਨੁਸਾਰ ਸਮਾਪਤੀ ਵਿਚ 'ਨਾਨਕ' ਪਦੁ ਇਹ ਲੱਖਤਾ ਕਰਾਉਂਦੇ ਹਨ ਕਿ ਗੁਰੂ ਅਰਜਨ ਜੀ ਨੇ ਲਾਹੌਰੋਂ ਲਿਖੀਆਂ ਚਿਠੀਆਂ ਵਾਲੀ ਮਨੋ ਕਲਪਤ ਕਹਾਣੀ ਤੋਂ ਕਿਤਨਾ ਚਿਰ ਪਿਛੋਂ ਬਲਕਿ ਗੁਰ-ਗੱਦੀ ਤੇ ਬਿਰਾਜਮਾਨ ਹੋਣ ਤੋਂ ਵੀ

ਕਿਤਨਾ ਸਮਾਂ ਪਿਛੋਂ ਗੁਰੂ 'ਨਾਨਕ' ਦਾ ਪੰਜਵਾਂ ਮਹਲਾ (ਸਰੀਰ) ਗੁਰੂ ਨਾਨਕ ਰੂਪ ਹੋ ਕੇ ('ਮੇਰਾ ਮਨੁ ਲੋਚੈ' ਵਾਲਾ ਸ਼ਬਦ) ਉਚਾਰਿਆ ਹੈ ਕਿਉਂਕਿ ਗੁਰ-ਗੱਦੀ ਪ੍ਰਾਪਤੀ ਤੋਂ ਪਹਿਲਾਂ ਅਰਜੁਨ ਦੇਵ ਜੀ ਨਾ ਗੁਰੂ ਕਹਾ ਸਕਦੇ ਸਨ ਤੇ ਨਾ ਹੀ ਉਹਨਾਂ ਦੀ ਰਚਨਾ ਨੂੰ 'ਗੁਰਬਾਣੀ' ਕਿਹਾ ਜਾ ਸਕਦਾ ਸੀ।

ਨੋਟ :— 'ਮੇਰਾ ਮਨ ਲੋਚੈ' ਵਾਲੇ ਭਾਵ ਨਾਲ ਮਿਲਦੇ ਜੁਲਦੇ ਹੋਰ ਵੀ ਅਨੇਕਾਂ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਮੌਜੂਦ ਹਨ ਜੋ ਚਿਠੀਆਂ ਨਹੀਂ ਹੋ ਸਕਦੀਆਂ।

ਗਉੜੀ ਮਹਲਾ ੫

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ

ਇਸ ਸ਼ਬਦ ਵਿਚ ਕੇਵਲ ਗੁਰੂ ਅਕਾਲ ਪੁਰਖ ਦੀ ਕੀਤੀ ਵਡਿਆਈ ਨੂੰ ਬਾਬਾ ਮੋਹਨ ਦੀ ਵਡਿਆਈ ਅਤੇ ਗੁਰਬਾਣੀ ਦੀਆਂ ਸੈਂਚੀਆਂ ਬਾਬਾ ਜੀ ਕੋਲ ਸਿੱਧ ਕਰਣ ਲਈ ਇਕ ਲੰਮੀ-ਚੌੜੀ ਉਥਾਨਕਾ ਇਹ ਘੜੀ ਕਿ ਬਾਬਾ ਮੋਹਨ ਜੀ ਗੋਇੰਦਵਾਲ ਆਪਣੇ ਚੋਬਾਰੇ ਵਿਚ ਗੁਰਬਾਣੀ ਦੀਆਂ ਪੋਥੀਆਂ ਲੈ ਕੇ ਸਮਾਧੀ ਲਾਈ ਰਖਦੇ ਸਨ ਜਿਹਨਾਂ ਕੋਲੋਂ ਪੋਥੀਆਂ ਲੈਣ ਗਏ ਭਾਈ ਗੁਰਦਾਸ ਜੀ ਅਤੇ ਬਾਬਾ ਬੁਢਾ ਜੀ ਵਾਰੋ ਵਾਰੀ

ਨਿਰਾਸ ਹੋ ਕੇ ਮੁੜ ਆਏ ਤਾਂ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਪੁਜੇ ਅਤੇ 'ਮੋਹਨ ਤੇਰੇ ਊਚੇ ਮੰਦਰ' ਵਾਲਾ ਸ਼ਬਦ ਉਚਾਰ ਕੇ ਸਿਰੰਦੇ ਨਾਲ ਗਾਇਨ ਕੀਤਾ.......... ਬਾਬਾ ਜੀ ਦੀ ਸਮਾਧੀ ਖੁਲ੍ਹੀ......ਪ੍ਰਸੰਨ ਹੋ ਕੇ ਪੋਥੀਆਂ ਦਿਤੀਆਂ...... ਜਿਨ੍ਹਾਂ ਨੂੰ ਪਾਲਕੀ ਵਿਚ ਸਜਾ ਕੇ ਗੋਇੰਦਵਾਲੋਂ ਗੁਰੂ ਜੀ ਅੰਮ੍ਰਿਤਸਰ ਲੈ ਆਏ।

ਨਿਰਣਾ

ਇਸ ਮਨੁਕਤ ਉਥਾਨਕਾ ਸਬੰਧੀ ਇਹ ਨਿਰਣਾ ਹੈ ਕਿ ਨਾ ਗੁਰਬਾਣੀ ਦੀਆਂ ਸੈਚੀਆਂ ਬਾਬਾ ਮੋਹਨ ਜੀ ਕੋਲ ਸਨ ਤੇ ਨਾਹੀ ਪੰਜਵੇਂ ਪਾਤਸ਼ਾਹ ਨੇ ਪੋਥੀਆਂ ਲੈਣ ਗੋਇੰਦਵਾਲ ਜਾਕੇ 'ਮੋਹਨ ਤੇਰੇ ਊਚੇ ਮੰਦਰ' ਵਾਲਾ ਸ਼ਬਦ ਗਾਂਵਿਆਂ। ਕਾਰਣ ਇਹ ਕਿ ਗੁਰਬਾਣੀ ਵਾਲਾ ਖ਼ਜ਼ਾਨਾ ਗੁਰੂ ਵਿਅਕਤੀਆਂ ਰਾਹੀਂ ਗੁਰੁ ਅਰਜੁਨ ਪਾਤਸ਼ਾਹ ਕੋਲ ਪਹਿਲਾਂ ਹੀ ਪੁਜਿਆ ਹੋਇਆ ਸੀ ਜਿਸਦਾ ਸੰਕੋਚਵਾਂ ਵੇਰਵਾ ਇਹ ਹੈ ਕਿ ਆਦਿ ਗੁਰੂ ਜੀ ਦੇਸ ਰਟਨ ਸਮੇਂ ਭੂਤ ਕਾਲ ਅਤੇ ਵਰਤਮਾਨ ਸਮੇਂ ਦੇ ਭਗਤਾਂ ਦੀਆਂ ਬਾਣੀਆਂ ਇਕਤ੍ਰ ਕਰਕੇ ਉਨ੍ਹਾਂ ਵਿਚ ਆਪਣੀ ਰਚਨਾ ਨੂੰ ਵੀ ਮਿਲਾਕੇ ਇਕ ਕਿਤਾਬ [ਪੋਥੀ] ਦੇ ਰੂਪ ਵਿਚ ਹਰਿ ਸਮੇਂ ਆਪਣੇ ਕੋਲ ਰਖਦੇ ਸਨ ਜੋ ਭਾਈ ਗੁਰਦਾਸ ਜੀ ਦੇ 'ਆਸਾ ਹਥ ਕਿਤਾਬ [ਗੁਰਬਾਣੀ ਵਾਲੀ

ਪੋਥੀ] ਕਢ' ਤੋਂ ਮੱਕੇ ਜਾਣ ਵੇਲੇ ਵੀ ਸਪਸ਼ਟ ਹੈ।

ਗੁਰੂ ਨਾਨਕ ਦੇਵ ਨੇ ਸੰਮਤਿ ੧੫੯੬ ਬਿਕ੍ਰਮੀ ਨੂੰ ਕਰਤਾਰਪੁਰ ਵਿਚ ਜੋਤੀ ਜੋਤਿ ਸਮਾਵਣ ਸਮੇਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਗੱਦੀ ਦੇਣ ਵੇਲੇ ਉਪ੍ਰੋਕਤ ਬਾਣੀ ਵਾਲੀ ਪੋਥੀ ਦੀ ਦਾਤਿ ਵੀ ਨਾਲ ਹੀ ਦੇ ਦਿਤੀ।

ਗੁਰੂ ਅੰਗਦ ਦੇਵ ਜੀ ਨੇ ਸੰਮਤਿ ੧੬੦੯ ਨੂੰ ਖਡੂਰ ਸਾਹਿਬ ਵਿਚ ਸੱਚਖੰਡ ਪਧਾਰਣ ਸਮੇਂ ਗੁਰੂ ਅਮਰਦਾਸ ਜੀ ਨੂੰ ਗੁਰੂ ਪਦਵੀ ਦੇਣ ਨਾਲ ਆਪਣੇ ਰਚੇ ੬੨ ਸਲੋਕਾਂ ਸਮੇਤ ਉਪ੍ਰੋਕਤ ਗੁਰਬਾਣੀ ਵਾਲੀ ਦਾਤਿ ਵੀ ਨਾਲ ਹੀ ਬਖਸ਼ ਦਿਤੀ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਸੰਮਤਿ ੧੬੩੧ ਨੂੰ ਗੁਰਪੁਰੀ ਗਮਨ ਸਮੇਂ ਗੁਰੂ ਰਾਮਦਾਸ ਜੀ ਨੂੰ ਗੁਰੂ ਪਦਵੀ ਦੇ ਨਾਲ ਆਪਣੀ ਉਚਰੀ ਬਾਣੀ ਸਹਿਤ ਗੁਰਬਾਣੀ ਵਾਲੀ ਅਮੋਲਿਕ ਦਾਤਿ ਵੀ ਦਿੱਤੀ।

ਚਉਥੇ ਪਾਤਸ਼ਾਹ ਨੇ ਸੰਮਤਿ ੧੬੩੮ ਨੂੰ ਦੇਵਪੁਰੀ ਪਧਾਰਣ ਸਮੇਂ ਆਪਣੀ ਜੋਤਿ ਗੁਰੂ ਅਰਜੁਨ ਦੇਵ ਜੀ ਵਿਚ ਲੀਨ ਕਰਣ ਦੇ ਨਾਲ ਆਪਣੀ ਬਾਣੀ ਸਮੇਤ ਸਮੁਚਾ ਗੁਰਬਾਣੀ ਭੰਡਾਰ (ਪਿਊ ਦਾਦੇ ਦਾ ਖਜ਼ਾਨਾ) ਵੀ ਨਾਲ ਹੀ ਬਖਸ਼ ਦਿਤਾ।

ਦੂਜੀ ਗਲ ਇਹ ਕਿ 'ਮੋਹਨ ਤੇਰੇ ਊਚੇ ਮੰਦਰ' ਵਾਲੇ ਸ਼ਬਦ ਵਿਚ ਬਾਬਾ ਮੋਹਨ ਜੀ ਦੀ ਉਪਮਾ ਸਬੰਧੀ ਰੰਚਕ ਮਾਤ੍ਰ ਵੀ ਇਸ਼ਾਰਾ ਨਹੀਂ। ਉਸ ਸਾਰੇ ਦੇ ਸਾਰੇ ਛੰਤ ਵਿਚ ਮੋਹਨ ਸ਼ਬਦ ਕੇਵਲ ਅਕਾਲਪੁਰਖ ਬੋਧਕ ਹੈ ਜਿਵੇਂ ਕਿ

ਮੋਹਨ [ਹੇ ਮਨੁ ਨੂੰ ਮੋਹਨ ਵਾਲੇ] ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸ਼ਾਲਾ ॥..........

ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥
ਮੋਹਨ ਤੁਧੁ ਸਤਿਸੰਗਤਿ ਧਿਆਵੈ ਦਰਸ ਧਿਆਨਾ ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕਮਨਿ ਧਿਆਵਹੇ ॥
ਮਨਿ ਬਚਨਿ ਕਰਮਿ ਜਿ ਤੁਧੁ ਆਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥.........

"ਜਿਨੀ ਤੁਧ ਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥

ਉਪ੍ਰੋਕਤ ਸਾਰੀਆਂ ਦੀਆਂ ਸਾਰੀਆਂ ਪੰਗਤੀਆਂ (ਤੁੱਕਾਂ) ਉਸ ਮੋਹਨ ਦੀਆਂ ਲਖਾਇਕ ਹਨ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਅਨੇਕਾਂ ਥਾਈਂ ਇਸ ਪ੍ਰਕਾਰ ਵਰਣਨ ਕੀਤਾ ਹੈ :

"ਮੈਂ ਪੇਖਿਓ ਰੀ ਊਚਾ ਮੋਹਨੁ ...."
"ਅਤਿ ਸੁੰਦਰ ਮਨਮੋਹਨ ਪਿਆਰੇ........."

"ਮੋਹਨ ਘਰਿ ਆਵਹੁ ਕਰਉ ਜੋਦਰੀਆ ॥"

"ਸਭਿ ਸੇਵਹੁ ਮੋਹਨੋ ਮਨਮੋਹਨੋ ਜਗ ਮੋਹਨੋ......"

'ਮੁਕਦੀ ਗਲ' ਇਸ ਸ਼ਬਦ ਵਿਚ ਉਸੇ ਮੋਹਨ ਦੀ ਵਡਿਆਈ ਹੈ ਜਿਸ ਬਾਬਤ ਗੁਰੂ ਨਾਨਕ ਦੇਵ ਜੀ ਨੇ ਵੀ ਬਸੰਤ ਰਾਗ ਵਿਚ ਕਿਹਾ ਸੀ :

"ਮੋਹਨਿ ਮੋਹਿ ਲੀਆ ਮਨੁ ਮੋਹਿ"

ਪਾਠਕਾਂ ਦੀ ਗਿਆਤ ਹਿੱਤ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਜ-ਕਲ ਕਈ ਕਥਾਵਾਚਕ ਗਿਆਨੀ ਵੀਰ ਹਾਰ-ਹੁੱਟ ਕੇ ਇਹ ਤਾਂ ਮੰਨਣ ਲੱਗ ਪਏ ਹਨ ਕਿ ਇਸ ਸ਼ਬਦ ਵਿਚ ਨਿਰੋਲ ਗੁਰੂ ਨਿੰਰਕਾਰ ਦੀ ਸਿਫ਼ਤ ਸਲਾਹ ਹੈ ਪਰ ਨਾਲ ਹੀ ਬਾਬਾ ਮੋਹਨ ਵਾਲੀ ਮਨੁਕਤ ਉਥਾਨਕਾ ਵਾਲਾ ਹੱਠ ਨ ਛੱਡਦੇ ਹੋਇ ਇਕ ਨਿਪੁੰਸਕ ਜਿਹੀ ਦਲੀਲ ਇਹ ਦਿੰਦੇ ਹਨ ਕਿ ਗੁਰੂ ਜੀ ਨੇ ਮਹਿਮਾਂ ਤਾਂ ਨਿੰਰਕਾਰ ਦੀ ਕੀਤੀ ਪਰ ਸਿਰੰਦੇ ਨਾਲ ਗਾ ਕੇ ਸੁਣਾਈ ਬਾਬਾ ਮੋਹਨ ਨੂੰ ਜਿਸ ਨੂੰ ਬਾਬਾ ਜੀ ਆਪਣੀ ਵਡਿਆਈ ਸਮਝ ਕੇ ਪ੍ਰਸੰਨ ਹੋ ਗਏ ਅਤੇ ਗੁਰਬਾਣੀ ਦੀਆਂ ਪੋਥੀਆਂ ਗੁਰੂ ਜੀ ਦੇ ਹਵਾਲੇ ਕਰਿ ਦਿਤੀਆਂ।

ਉਪ੍ਰੋਕਤ ਕੱਚੀ ਜਿਹੀ ਦਲੀਲ ਦੇ ਕੇ ਵਿਦਵਾਨ ਸੱਜਣ ਭਾਵੇਂ ਆਪਣੇ ਵਲੋਂ ਤਾਂ ਮੋਰਚਾ ਫ਼ਤਹ ਕਰਿ ਲੈਂਦੇ ਹਨ ਪਰ ਇਹ ਵਿਚਾਰ ਨਹੀਂ ਕਰਦੇ ਕਿ ਇਸ ਬਿਰਥਾ ਚਤੁਰਾਈ ਨਾਲ

ਅਸੀਂ ਪੰਚਮ ਪਾਤਸ਼ਾਹ ਪ੍ਰਤੱਖ ਹਰੀ ਰੂਪ ਉਤੇ ਨਿਰਮੂਲ ਦੂਸ਼ਨ ਇਹ ਲਾ ਰਹੇ ਹਾਂ ਕਿ ਗੁਰੂ ਜੀ ਨੇ ਮਹਿਮਾਂ ਤਾਂ ਮਨ ਨੂੰ ਮੋਹਣ ਵਾਲੇ ਅਕਾਲ ਪੁਰਖ ਦੀ ਕੀਤੀ ਪਰ ਸਿਰੰਦੇ ਨਾਲ ਗਾ ਕੇ ਚਿਕਮਾ [ਧੋਖਾ] ਬਾਬਾ ਮੋਹਨ ਨੂੰ ਦਿਤਾ।

ਗਉੜੀ ਸੁਖਮਨੀ ਮ: ੫

ਸ੍ਰੀ ਸੁਖਮਨੀ ਸਾਹਿਬ ਜੀ ਦੇ ਸਬੰਧ ਵਿਚ ਉਦਾਸੀ ਸਾਧੂਆਂ ਵਲੋਂ ਤੋਲੇ ਗਏ ਕੁਫਰ ਨੂੰ ਵੀ ਅਕਾਸ਼ਬਾਣੀ ਸਮਝ ਕੇ ਗੁਰਇਤਿਹਾਸ ਦਾ ਰੂਪ ਦੇ ਦਿਤਾ ਜਿਵੇਂ ਕਿ ਪੰਚਮ ਪਾਤਸ਼ਾਹ ਨੇ ਪਹਿਲਾਂ ਕੇਵਲ ਸੋਲ੍ਹਾਂ ਅਸ਼ਟਪਦੀਆਂ ਵਿਚ ਸੁਖਮਨੀ ਸਾਹਿਬ ਸਮਾਪਤੀ ਕਰਕੇ ਬਾਬਾ ਸ੍ਰੀ ਚੰਦ ਜੀ ਨੂੰ ਸੁਣਾਈ, ਜਿਸ ਤੋਂ ਬਾਬਾ ਜੀ ਬਹੁਤ ਪ੍ਰਸੰਨ ਹੋ ਕੇ ਬੋਲੇ ਕਿ ਇਨ੍ਹਾਂ ਸੋਲ੍ਹਾਂ ਅਸ਼ਟਪਦੀਆਂ ਦੇ ੧੬੦੦੦ ਸੋਲ੍ਹਾਂ ਹਜ਼ਾਰ ਅੱਖਰ ਹਨ। ਪਰੰਤੂ ਹਰਿ ਪ੍ਰਾਣੀ ਅੱਠਾਂ ਪਹਿਰਾਂ ਵਿਚ ੨੪੦੦੦ ਚਵ੍ਹੀ ਹਜ਼ਾਰ ਸੁਆਸ ਲੈਂਦਾ ਹੈ ਇਸ ਲਈ ਅੱਠ ਅਸ਼ਟਪਦੀਆਂ ਹੋਰ ਰਚੋ ਤਾਂਕਿ ੨੪੦੦੦ ਚਵ੍ਹੀ ਹਜ਼ਾਰ ਅੱਖਰ ਪੂਰੇ ਹੋ ਜਾਣ ਕਰਕੇ ਸੁਖਮਨੀ ਦੇ ਪੜ੍ਹਨ ਨਾਲ ਚਵ੍ਹੀ ਦੇ ਚਵ੍ਹੀ ਹਜ਼ਾਰ ਸੁਆਸ ਭਾਵ 'ਅਠੇ ਪਹਿਰ' ਸਫਲ ਹੋ ਜਾਣਗੇ ਜਿਸ ਦਾ ਉੱਤਰ ਗੁਰੂ ਅਰਜੁਨ ਦੇਵ ਜੀ ਨੇ ਇਹ ਦਿੱਤਾ ਕਿ ਦਾਸ

(ਮੈਂ) ਆਪਣੇ ਵਲੋਂ ਸੁਖਮਨੀ ਬਾਣੀ ਸਮਾਪਤ ਕਰ ਚੁਕਾ ਹੈ। ਹੁਣ ਤੁਸੀਂ ਆਪਣੀ ਰਸਨਾ ਦੁਆਰਾ ਨਵੇਂ ਸਿਰਿਉਂ ਆਰੰਭ ਕਰਕੇ ਸ਼ਕਤੀ ਬਖਸ਼ੋ ਤਦੋਂ ਹੀ ਸਫ਼ਲਤਾ ਹੋਵੇਗੀ, ਤਾਂ ਬਾਬਾ ਜੀ ਨੇ ਸਤਾਰਵੀਂ ਅਸ਼ਟਪਦੀ ਦਾ 'ਆਦਿ ਸਚੁ ਜੁਗਾਦਿ ਸਚੁ' ਵਾਲਾ ਸਲੋਕ ਉਥਾਨਕਾ ਮਾਤ੍ਰ ਰੱਚ ਕੇ ਬਾਣੀ ਸਮਾਪਤ ਕਰਵਾਈ।

ਦੂਜਾ ਇਹ ਕਿ ਸੋਲ੍ਹਾਂ ਅਸ਼ਟਪਦੀਆਂ ਤੱਕ ਸੁਖਮਨੀ ਰੱਚਣ ਤੋਂ ਅੱਗੋਂ ਗੁਰਬਾਣੀ ਨਾ ਫੁਰ ਸਕੀ ਤਾਂ ਗੁਰੂ ਜੀ ਬਾਬਾ ਸ੍ਰੀ ਚੰਦ ਜੀ ਦੀ ਸੇਵਾ ਵਿਚ 'ਬਾਰਠ' ਪੁੱਜੇ ਤਾਂ ਬਾਬਾ ਜੀ ਨੇ ਆਦਿ ਸਚੁ ਵਾਲਾ ੧੭ ਸਤਾਰਵਾਂ ਸਲੋਕ ਉਚਾਰ ਕੇ ਜਾਂ ਉਚਾਰਣ ਦੀ ਆਗਿਆ ਦੇ ਕੇ ਸ਼ਕਤੀ ਦਿਤੀ ਤਾਂ ਅਗੋਂ ਸਤਿ-ਗੁਰੂ ਅਰਜੁਨ ਦੇਵ ਜੀ ਨੂੰ ਬਾਣੀ ਫੁਰੀ ਅਤੇ ਸੁਖਮਨੀ ਸਾਹਿਬ ੨੪ ਚਵ੍ਹੀ ਅਸ਼ਟਪਦੀਆਂ ਵਿਚ ਸੰਪੂਰਨ ਹੋਈ।

ਹੁਣ ਪਾਠਕ ਸਜਨ ਆਪ ਹੀ ਵਿਚਾਰਨ ਕਿ ਪਹਿਲਾਂ ਤਾਂ ਉਪ੍ਰੋਕਤ ਦੋਹਾਂ ਪ੍ਰਸੰਗਾਂ ਦਾ ਆਪੋ ਵਿਚ ਹੀ ਕਿਤਨਾ ਹਾਸੋ-ਹੀਣਾ ਵਿਰੋਧ ਹੈ।

ਕੇਵਲ ਵਿਰੋਧਾ ਭਾਵ ਹੀ ਨਹੀਂ ਬਲਕਿ ਚਵ੍ਹੀ ਹਜ਼ਾਰ ਅੱਖਰਾਂ ਦੀ ਗਿਣਤੀ ਵੀ ਮਨੋ ਕਲਪਤ ਹੈ। ਕਾਰਣ ਇਹ ਕਿ ਸੁਖਮਨੀ ਸਾਹਿਬ ਜੀ ਦੇ ਅੱਖਰ ਚਵ੍ਹੀ ਹਜ਼ਾਰਾਂ ਤੋਂ ਸੈਂਕੜਿਆਂ ਦੀ ਗਿਣਤੀ [redacted]

ਫਿਰ ਖੋਜ ਕਰਨ ਵਾਲਿਆਂ ਸਜਣਾਂ ਨੇ ਸੁਆਸਾਂ ਦਾ ਨਿਰਣਾ ਵੀ ਇਹ ਦਿਤਾ ਹੈ ਕਿ :

ਬੈਠਤ ਬਾਰਹ, ਚਲਤ ਅਠਾਰਹ ।
ਸੋਵਤ ਚੋਵ੍ਹੀ, ਭੋਗਤ ਬੱਤੀ ।

ਤਾਂ ਤੇ ਹਰ ਮਨੁਖ ਦੇ ਚਵ੍ਹੀ ਹਜ਼ਾਰ ਸੁਆਸ ਵੀ ਸਿੱਧ ਨਹੀਂ ਹੁੰਦੇ ।

ਦੂਜਾ ਬਾਣੀ ਨ ਫੁਰ ਸਕਣ ਸਬੰਧੀ ਇਹ ਉੱਤਰ ਹੈ ਕਿ ਜਿਸ ਗੁਰਦੇਵ ਨੂੰ ਤ੍ਰੈਕਾਲ ਦਰਸ਼ੀ ਨਾਨਾ ਗੁਰੂ ਅਮਰਦਾਸ ਜੀ ਨੇ 'ਬਾਣੀ ਦਾ ਬੋਹਿਥਾ' ਹੋਣ ਦਾ ਵਰ ਦਿਤਾ ਹੋਵੇ ਉਸ 'ਗੁਰੂ ਅਰਜੁਨ ਪਰਤਖਿ ਹਰਿ' ਸੰਬੰਧੀ ਇਹ ਲਿਖਣਾ ਕਿ ਸੁਲ੍ਹਾਂ ਅਸ਼ਟਪਦੀਆਂ ਤੋਂ ਅਗੇ ਬਾਣੀ ਨਾ ਫੁਰਨ ਕਰਕੇ ਗੁਰੂ ਜੀ ਸੁਖਮਨੀ ਰਚਨੋਂ ਅਸਮਰਥ ਹੋ ਗਏ । ਫਿਰ ਬਾਬਾ ਸ੍ਰੀ ਚੰਦ ਜੀ ਵਲੋਂ ਸ਼ਕਤੀ ਪ੍ਰਾਪਤ ਹੋਣ ਉਪਰੰਤ ਬਾਣੀ ਰਚੀ ਗਈ । ਇਥੇ ਹੀ ਬੱਸ ਨਹੀਂ ਗੁਰੂ ਅਰਜੁਨ ਦੇਵ ਜੀ ਵਲੋਂ ਕੋਹੜ ਦੀ ਬੀਮਾਰੀ ਵਾਲਾ ਸਰਾਪ ਮਿਟਾਉਣ ਲਈ ਬੇਨਤੀ ਸੁਣਕੇ ਬਾਬਾ ਜੀ ਨੇ ਆਪਣੇ ਨਾਉਣ ਵਾਲੇ ਚਿਲ੍ਹੇ ਵਿਚ ਅਸ਼ਨਾਨ ਕਰਣ ਦੀ ਆਗਿਆ ਦੇ ਕੇ ਗੁਰੂ ਅੰਗਦ ਦੇਵ ਜੀ ਤੋਂ ਚਲਦਾ ਆਉਂਦਾ ਕੋਹੜ ਹਟਾਇਆ ।

ਫਿਰ ਪੰਚਮ ਪਾਤਸ਼ਾਹ ਨੇ ਉਸੇ ਚਿਲ੍ਹੇ ਵਿਚੋਂ ਜਲ ਦੀ ਗਾਗਰ ਸਿਰ ਤੇ ਚੁਕ ਲਿਆਉਂਦੀ, ਜੋ ਕੋਹੜੀਆਂ ਦੇ ਕੋਹੜ ਦੂਰ ਕਰਨ ਹਿੱਤ ਤਰਨ ਤਾਰਨ ਸਰੋਵਰ ਵਿਚ ਪਾਈ।

ਮੁਕਦੀ ਗਲ ਉਪ੍ਰੋਕਤ ਪ੍ਰਸੰਗ ਅਤੇ ਇਹੋ ਜਿਹੇ ਹੋਰ ਵੀ ਅਨੇਕਾਂ ਪ੍ਰਸੰਗ ਉਦਾਸੀ ਸਾਧੂਆਂ ਵਲੋਂ ਕੇਵਲ ਬਾਬਾ ਸ੍ਰੀ ਚੰਦ ਜੀ ਦੀ ਅਪੇਕਸ਼ਾ ਵਿਚ ਗੁਰੂ ਸਾਹਿਬਾਨ ਨੂੰ ਅਸਮਰਥ ਅਤੇ ਬਾਬਾ ਜੀ ਨੂੰ ਸਰਬ ਸ਼ਕਤੀਮਾਨ ਦਰਸਾਉਣ ਹਿੱਤ ਨਿਰੋਲ ਮਿਥਿਆਵਾਦ ਅਤੇ ਮਨੋਕਲਪਤ ਹਨ ਜੋ ਸ੍ਰੀ ਸੁਖਮਨੀ ਸਾਹਿਬ ਦੇ ਮਹਾਤਮ ਦਾ ਪੱਜ ਪਾ ਕੇ ਗੁਰੂ ਅਰਜੁਨ ਦੇਵ ਜੀ ਨੂੰ ਅਪੂ-ਰਨ [ਸਮਰਥਾਹੀਨ] ਤੇ ਬਾਬਾ ਸ੍ਰੀ ਚੰਦ ਨੂੰ ਸਰਬ ਕਲਾ ਸੰਮਰਥ ਸਿੱਧ ਕਰਨ ਦਾ ਬੇ-ਅਰਥ ਜਤਨ ਹੈ।

ਪਿਛੇ ਰਿਹਾ ਸ੍ਰੀ ਸੁਖਮਨੀ ਸਾਹਿਬ ਦਾ ਮਹਾਤਮ, ਉਹ ਗੁਰਦੇਵ ਜੀ ਨੇ ਸੁਖਮਨੀ ਸਾਹਿਬ ਦੀ ਸਮਾਪਤੀ ਵਿਚ ਆਪ ਹੀ ਦਰਸਾ ਦਿੱਤਾ ਹੈ ਕਿ ਕਿਤਨਾ ਅਗਾਧ ਬੋਧ ਹੈ।

ਅਬਿਚਲ ਨਗਰ ਗੋਬਿੰਦ ਗੁਰੂ ਕਾ

ਉਪ੍ਰੋਕਤ ਸ਼ਬਦ ਭਾਵੇ ਕਿਤਨਾ ਹੀ ਸੁਗਮ (ਸੁਖੈਨ) ਰੂਪ ਵਿਚ ਨਾਮ ਜਪਣ ਵਾਲੇ ਗੁਰਮੁਖਾਂ ਦੇ ਸ਼ਰੀਰ ਰੂਪੀ ਨਗਰ ਦਾ ਲਖ਼ਾਇਕ ਹੈ। ਫਿਰ ਵੀ ਕੁਝ ਵੀਰ ਅਣਗਹਿਲੀ ਕਾਰਣ ਅਬਿਚਲ ਨਗਰ ਤੋਂ ਅਬਚਲਾ ਨਗਰ (ਸ੍ਰੀ ਹਜ਼ੂਰ ਸਾਹਿਬ) ਅਤੇ ਗੋਬਿੰਦ ਗੁਰੂ ਦਾ ਅਰਥ ਗੁਰੂ ਗੋਬਿੰਦ ਸਿੰਘ ਜੀ ਲੈ ਕੇ ਇਸ ਦਾ ਸਬੰਧ ਸ੍ਰੀ ਹਜ਼ੂਰ ਸਾਹਿਬ ਨਾਲ ਜੋੜਦੇ ਹਨ।

ਜੇ ਕਿਹਾ ਜਾਵੇ ਕਿ ਇਸ ਸ਼ਬਦ ਦੀ ਰਚਨਾ ਪੰਚਮ ਪਾਤਸ਼ਾਹ ਵਲੋਂ ਹੋਣ ਕਰਕੇ ਹਜ਼ੂਰ ਸਾਹਿਬ ਨਾਲ ਸਬੰਧ ਜੋੜਨ ਵਿਚ ਕਾਲ-ਭੰਗ ਦੋਸ਼ ਆਉਂਦਾ ਹੈ ਤਾਂ ਕਹਿੰਦੇ ਹਨ ਕਿ ਇਹ ਸ਼ਬਦ ਭਵਿਖ ਬਾਣੀ ਦੇ ਰੂਪ ਵਿਚ ਅਬਚਲਾ ਨਗਰ ਸ੍ਰੀ ਹਜ਼ੂਰ ਸਾਹਿਬ ਸਬੰਧੀ ਪੇਸ਼ੀਨਗੋਈ ਹੈ।

ਕੇਵਲ ਇਤਨਾ ਹੀ ਨਹੀਂ ਕਈ ਕਲਾਕਾਰ ਸਜਨਾਂ ਨੇ ਆਪਣੇ ਵਲੋਂ ਹੋਰ ਵਧੇਰੇ ਸਪੱਸ਼ਟਤਾ ਦਰਸਾਉਣ ਲਈ ਤਸਵੀਰਾਂ ਰਾਹੀਂ ਇਹ ਕਾਢ ਕੱਢੀ ਕਿ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਬੈਰਾਗੀ ਦੇ ਪਲੰਗ ਉਤੇ ਬੈਠੇ ਹਨ ਤੇ ਮਾਧੋ ਦਾਸ [ਹਾਰ-ਹੁਟ ਕੇ] ਗੁਰੂ ਜੀ ਅਗੇ ਮਥਾ ਟੇਕ ਰਿਹਾ ਹੈ। ਫ਼ਿਰ ਉਸੇ ਤਸਵੀਰ ਦੇ ਬਾਕੀ ਹਿੱਸੇ ਉਤੇ ਉਪ੍ਰੋਕਤ ਸੂਹੀ ਰਾਗ ਵਿਚ

ਉਚਰਿਆ ਅਬਿਚਲ ਨਗਰ ਵਾਲਾ ਸਾਰਾ ਸ਼ਬਦ ਲਿਖਿਆ ਹੈ ਅਤੇ ਇਹ ਤਸਵੀਰਾਂ ਅਨੇਕਾਂ ਤਾਈਂ ਵੇਖਣ ਵਿਚ ਆਉਂ-ਦੀਆਂ ਹਨ, ਬਲਕਿ ਸ੍ਰੀ ਹਜ਼ੂਰ ਸਾਹਿਬ ਬਾਬਾ ਬੰਦਾ ਸਿੰਘ ਜੀ ਦੇ ਗੁਰਦੁਆਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਹ ਮੂਰਤਿ ਉਚੇਚੇ ਤੌਰ ਤੇ ਰਖੀ ਹੋਈ ਹੈ।

ਇਥੇ ਹੀ ਬੱਸ ਨਹੀਂ, ਸ੍ਰੀ ਹਜ਼ੂਰ ਸਾਹਿਬ ਜੀ ਭੋਗ ਲਗਾਉਣ ਸਮੇਂ ਜੋ ਤਖਤ ਸਾਹਿਬ ਅੱਗੇ ਰੁਮਾਲ ਤਾਣਿਆ ਜਾਂਦਾ ਹੈ, ਉਸ ਰੁਮਾਲੇ ਉਤੇ ਵੀ ਅਬਿਚਲ ਨਗਰ ਵਾਲਾ ਸ਼ਬਦ ਲਿਖਿਆ ਹੋਇਆ ਹੈ।

ਨਿਰਣਾ

ਕੋਈ ਸ਼ੱਕ ਨਹੀਂ ਕਿ "ਸਾ ਧਰਤਿ ਭਈ ਹਰੀਆਵਲੀ ਜਿਥੇ ਮੇਰਾ ਸਤਿਗੁਰੂ ਬੈਠਾ ਆਇ"

ਅਤੇ "ਜਿਥੇ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ"

ਤਥਾ "ਧੰਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ
ਜਿਥੈ ਮੇਰਾ ਗੁਰੁ ਧਰੇ ਵਿਖਾ" ਆਦਿਕ

ਗੁਰਵਾਕਾਂ ਅਨੁਸਾਰ ਹਰਿ ਇਕ ਸਿੱਦਕਵਾਨ ਗੁਰਸਿੱਖ ਸ੍ਰੀ ਹਜ਼ੂਰ ਸਾਹਿਬ ਤੋਂ ਆਦਿ ਸਮੂਹ ਗੁਰਧਾਮਾਂ ਪ੍ਰਤੀ ਅਥਾਹ ਸ਼ਰਧਾ ਰਖਦਾ ਅਤੇ ਆਪਾ ਵਾਰਦਾ ਹੋਇਆ ਸਤਿਕਾਰ

ਕਰਦਾ ਹੈ, ਪਰੰਤੂ ਅਬਿਚਲ ਨਗਰ ਵਾਲ ਸ਼ਬਦ ਹਜ਼ੂਰ ਸਾਹਿਬ ਜੀ ਦੀ ਪੇਸ਼ੀਨਗੋਈ ਕਦਾਚਿੱਤ ਨਹੀਂ ਹੋ ਸਕਦੀ, ਤੇ ਨਾ ਹੀ ਅਬਿਚਲ ਨਗਰ ਨਾਲ ਇਹ ਸ਼ਬਦ ਦਾ ਕੋਈ ਸਬੰਧ ਹੈ। ਕਾਰਣ ਇਹ ਕਿ ਇਸ ਸ਼ਬਦ ਵਿਚ ਆਇ ਕ੍ਰਿਆਵਾਚਕ ਪਦ ਸਾਰੇ ਦੇ ਸਾਰੇ ਭੂਤਕਾਲ ਅਤੇ ਵਰਤਮਾਨ ਕਾਲ ਦੇ ਲਖਾਇਕ ਹਨ, ਜਿਵੇਂ ਕਿ :

ਨਾਮੁ ਜਪਤ ਸੁਖੁ ਪਾਇਆ,
ਕਰਤੈ ਆਪ ਵਸਾਇਆ,
ਸਰਬ ਸੁਖ ਪਾਇਆ,
ਪੁਤ ਭਾਈ ਸਿਖ ਬਿਗਾਸੇ,
ਕਾਰਜ ਆਇਆ ਰਾਸੇ,
ਏਹੁ ਥਾਨੁ ਸੁਹਾਇਆ,

ਤਾਂ ਤੇ ਇਹ ਸ਼ਬਦ ਭਵਿਖਤ ਕਾਲ ਦਾ ਸੂਚਕ ਭਾਵ ਅਬਿਚਲ ਨਗਰ ਦੀ ਪੇਸ਼ੀਨਗੋਈ ਨਹੀਂ ਹੋ ਸਕਦੀ।

ਇਸ ਸ਼ਬਦ ਵਿਚ ਕੇਵਲ ਨਾਮ ਅਭਿਆਸੀ ਦੇ ਸ਼ਰੀਰ ਰੂਪੀ ਨਗਰ ਨੂੰ ਅਬਿਚਲ (ਨ ਚਲਾਏ ਮਾਨ) ਅਰਥਾਤ ਕਰਤਾ ਪੁਰਖ ਦਾ ਨਗਰ ਦਰਸਾਇਆ ਹੈ।

ਜਿਵੇਂ ਹਰਿ ਸਰ, ਰਾਮ ਦਾਸ ਸਰ, ਸੰਤ ਸਰੋਵਰ, ਕਰਤਾਰ ਪੁਰ ਆਦਿਕ ਸ਼ਬਦ ਸਤਿਸੰਗ ਪ੍ਰਥਾਇ ਵਰਤੇ ਹਨ,

ਤਿਵੇਂ ਅਬਿਚਲ ਨਗਰ ਨਾਮ-ਅਭਿਆਸੀ ਦਾ ਸ਼ਰੀਰ ਨਾ ਚਲਾਏਮਾਨ ਹੋਣ ਵਾਲੇ ਅਬਿਨਾਸੀ ਦੇ ਨਗਰ ਦਾ ਲਖਾਇਕ ਹੈ।

ਚੇਤੇ ਰਹੇ ਕਿ ਅਬਿਚਲ ਸ਼ਬਦ ਕੇਵਲ ਉਪ੍ਰੋਕਤ ਸ਼ਬਦ ਵਿਚ ਭੀ ਨਹੀਂ, ਬਲਕਿ "ਅਬਿਚਲ ਨਗਰੀ ਨਾਨਕ ਦੇਵ" ਆਦਿਕ ਹੋਰ ਵੀ ਕਈ ਥਾਈਂ ਆਇਆ ਹੈ।

ਜੋਗ ਭਾਸਦਾ ਹੈ ਕਿ ਪਾਠਕਾਂ ਨੂੰ ਨਿਰਸੰਦੇਹ ਕਰਨ-ਹਿੱਤ "ਗੁਰੂ ਗ੍ਰੰਥ ਦਰਪਣ" ਵਿਚੋਂ ਅਬਿਚਲ ਨਗਰ ਵਾਲੇ ਸਾਰੇ ਸ਼ਬਦ ਦੇ ਅਰਥ, ਪਦ-ਅਰਥਾਂ ਸਮੇਤ, ਜਿਉਂ ਦੇ ਤਿਉਂ ਲਿਖ ਦਿਤੇ ਜਾਣ।

ਸੂਹੀ ਮਹਲਾ ੫ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥

ਪੱਦ ਅਰਥ :—ਅਬਿਚਲ=ਕਦੇ ਨਾਸ ਨਾਹ ਹੋਣ ਵਾਲੇ ਪਰਮਾਤਮਾ ਦਾ। ਜਪਤ=ਜਪਦਿਆਂ। ਸੁਖੁ=ਆਤਮਕ ਅਨੰਦ। ਮਨ ਇਛੇ=ਮਨ-ਮੰਗੇ, ਜਿਨ੍ਹਾਂ ਦੀ ਇੱਛਾ ਮਨ ਵਿਚ ਕੀਤੀ। ਸੇਈ=ਉਹ (ਸਾਰੇ) ਹੀ। ਕਰਤੈ=ਕਰਤਾਰ ਨੇ। ਨਗਰੁ=ਸਰੀਰ, ਸ਼ਹਰ। ਸਰਬ ਸੁਖ=ਸਾਰੇ ਸੁਖ। ਸਿਖ=ਗੁਰੂ ਦੇ ਸਿੱਖ।

ਬਿਗਾਸੇ=ਖਿੜ ਗਏ, ਪ੍ਰਸੰਨ-ਚਿਤ। ਗਵਾਹਿ=ਗਾਂਦੇ ਹਨ। ਕਾਰਜੁ=ਮਨੁਖਾ ਜੀਵਨ ਦਾ ਮਨੋਰਥ। ਆਇਆ ਰਾਸੇ=ਸਿਰੇ ਚੜ੍ਹ ਜਾਂਦਾ ਹੈ। ਰਖਾ=ਰਾਖਾ। ਮਾਇਆ=ਮਾਂ। ਸਤਿਗੁਰ ਬਲਿਹਾਰੀ=ਗੁਰੂ ਤੋਂ ਸਦਕੇ। ਜਿਨਿ-ਜਿਸ (ਗੁਰੂ) ਨੇ। ਥਾਨੁ=(ਸਰੀਰ) ਥਾਂ।

ਅਰਥ :– ਹੇ ਭਾਈ! (ਗੁਰੂ ਦੀ ਸਰਨ ਪੈ ਕੇ ਜਿਨ੍ਹਾਂ ਮਨੁੱਖਾਂ ਨੇ) ਸਭ ਤੋਂ ਵਡੇ ਗੋਬਿੰਦ ਦਾ ਨਾਮ ਜਪਦਿਆਂ ਆਤ-ਮਕ ਆਨੰਦ ਪ੍ਰਾਪਤ ਕਰ ਲਿਆ, (ਉਨ੍ਹਾਂ ਦਾ ਸਰੀਰ) ਅਬਿਨਾਸੀ ਪਰਮਾਤਮਾ ਦੇ ਰਹਿਣ ਲਈ ਸ਼ਹਰ ਬਣ ਗਿਆ। ਕਰਤਾਰ ਨੇ [ਉਸ ਸਰੀਰ-ਸ਼ਹਰ ਨੂੰ] ਆਪ ਵਸਾ ਦਿਤਾ [ਆਪਣੇ ਵਸਣ ਲਈ ਤਿਆਰ ਕਰ ਲਿਆ] ਉਨ੍ਹਾਂ ਮਨੁੱਖਾਂ ਨੇ ਮਨ-ਮੰਗੀਆਂ ਮੁਰਾਦਾਂ ਸਦਾ ਹਾਸਲ ਕੀਤੀਆਂ।

ਹੇ ਭਾਈ! ਕਰਤਾਰ ਨੇ (ਜਿਨ੍ਹਾਂ ਮਨੁੱਖਾਂ ਦੇ ਸਰੀਰ ਨੂੰ) ਆਪਣੇ ਵੱਸਣ ਲਈ ਤਿਆਰ ਕਰ ਲਿਆ, ਉਨ੍ਹਾਂ ਨੇ ਸਾਰੇ ਸੁਖ-ਆਨੰਦ ਮਾਣੇ, (ਗੁਰੂ ਕੇ ਉਹ) ਸਿਖ (ਗੁਰੂ ਕੇ ਉਹ) ਪੁਤੱਰ (ਗੁਰੂ ਕੇ ਉਹ) ਭਰਾ ਸਦਾ ਖਿੜੇ-ਮੱਥੇ ਰਹਿੰਦੇ ਹਨ। (ਉਹ ਵਡ-ਭਾਗੀ ਮਨੁੱਖ) ਸਰਬ-ਵਿਆਪਕ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ, (ਉਨ੍ਹਾਂ ਮਨੁੱਖਾਂ ਦਾ) ਜੀਵਨ ਮਨੋਰਥ ਸਿਰੇ ਚੜ੍ਹ ਜਾਂਦਾ ਹੈ।

ਹੇ ਭਾਈ! [ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਜਪਦੇ ਹਨ, ਜਿਨ੍ਹਾਂ ਦੇ ਸਰੀਰ ਨੂੰ ਪਰਮਾਤਮਾ ਨੇ ਆਪਣੇ ਵਸਣ ਲਈ

ਸ਼ਹਿਰ ਬਣਾ ਲਿਆ] ਮਾਲਕ-ਪ੍ਰਭੂ (ਉਹਨਾਂ ਦੇ ਸਿਰ ਉੱਤੇ) ਸਦਾ ਆਪ ਹੀ ਰਾਖਾ ਬਣਿਆ ਰਹਿੰਦਾਹੈ(ਜਿਵੇਂ ਮਾਪੇ ਆਪਣੇ ਪੁੱਤਰ ਦਾ ਧਿਆਨ ਰਖਦੇ ਹਨ, ਤਿਵੇਂ ਪਰਮਾਤਮਾ ਉਹਨਾਂ ਮਨੁਖਾਂ ਲਈ) ਆਪ ਹੀ ਪਿਉ ਆਪ ਹੀ ਮਾਂ ਬਣਿਆ ਰਹਿੰਦਾ ਹੈ। ਹੇ ਨਾਨਕ ! ਆਖ–(ਹੇ ਭਾਈ !) ਉਸ ਗੁਰੂ ਤੋਂ ਸਦਾ ਕੁਰਬਾਨ ਹੁੰਦਾ ਰਹੁ, ਜਿਸ ਨੇ (ਹਰਿ-ਨਾਮ-ਸਿਮਰਨ ਦੀ ਦਾਤਿ ਦੇ ਕੇ ਕਿਸੇ ਵਡ-ਭਾਗੀ ਦੇ) ਇਸ ਸਰੀਰ-ਥਾਂ ਨੂੰ ਸੁੰਦਰ ਬਣਾ ਦਿੱਤਾ।

(ਗੁਰੂ ਗ੍ਰੰਥ ਦਰਪਣ ਕ੍ਰਿਤ ਪ੍ਰਿੰਸੀਪਲ ਸਾਹਿਬ ਸਿੰਘ ਜੀ ਪੋਥੀ ਪੰਜਵੀਂ ਸਫ਼ਾ ੬੨੫**)**

ਬਸੰਤ ਕੀ ਵਾਰ ਮਹਲੁ ੫

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆ ੨੨ ਬਾਈ ਵਾਰਾਂ ਵਿਚੋਂ ਬਸੰਤ ਦੀ ਵਾਰ ਸਭ ਤੋਂ ਛੋਟੀ ਕੇਵਲ ਤਿੰਨ ਪਉੜੀਆਂ ਹੀ ਹਨ।

ਕੇਵਲ ਤਿੰਨ ਪੌੜੀਆਂ ਵਿਚ ਵਾਰ ਰਚਨ ਦਾ ਕਾਰਣ ਤਾਂ ਪੰਚਮ ਪਾਤਸ਼ਾਹ ਆਪ ਹੀ ਜਾਣਦੇ ਹਨ, ਜਿਵੇਂ ਕਿ ਗੁਰੂ ਅੰਗਦ ਦੇਵ ਜੀ ਨੇ ਤੇਰ੍ਹਾਂ ੧੩ ਸਾਲ ਗੁਰਗੱਦੀ ਤੇ ਬਿਰਾਜਮਾਨ ਹੋ ਕੇ ਕੇਵਲ ਬਾਠ ੬੨ ਸਲੋਕ ਹੀ ਬਾਣੀ ਰਚੀ, ਬਲਕਿ

ਗੁਰੂ ਹਰਿਗੋਬਿੰਦ ਜੀ ਅਤੇ ਸ੍ਰੀ ਹਰਿਰਾਇ ਸਾਹਿਬ ਤਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਾਣੀ ਰਚੀ ਹੀ ਨਹੀਂ। ਜਿਸ ਦਾ ਕਾਰਣ ਉਪ੍ਰੋਕਤ ਗੁਰ ਵਿਅਕਤੀਆਂ ਆਪ ਹੀ ਜਾਣਦੀਆਂ ਹਨ।

ਦੂਜਾ ਵਾਰਾਂ ਸੰਬੰਧੀ ਕੋਈ ਜ਼ਰੂਰੀ ਨਹੀਂ ਕਿ ਹਰ ਇਕ ਵਾਰ ਦੀਆਂ ਇਕੋ ਜਿਤਨੀਆਂ ਹੀ ਪਉੜੀਆਂ ਹੋਣ।

ਕੀ ਜਾਣੀਏ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸਿਰਫ ਤਿੰਨ ਪਉੜੀਆਂ ਅਤੇ ਉਹ ਵੀ ਬਗੈਰ ਸਲੋਕਾਂ ਦੇ ਕੇਵਲ ਨਮੂਨਾ ਦਰਸਾਉਣ ਹਿਤ ਹੀ ਉਚਰੀਆਂ ਹੋਣ ਕਿ ਵਾਰਾਂ ਦੀ ਰਚਨਾ ਵਿਸ਼ੇਸ਼ ਕਰਕੇ ਪਉੜੀਆਂ ਦੇ ਰੂਪ ਵਿੱਚ ਹੀ ਹੁੰਦੀ ਹੈ।

ਪਰ ਸਦਕੇ ਜਾਈਏ ਉਨ੍ਹਾਂ ਗਿਆਨੀਆਂ ਤੋਂ ਜਿਨ੍ਹਾਂ ਨੇ ਤਿੰਨ ਪਉੜੀਆਂ ਰਚਨ ਦਾ ਕਾਰਣ ਦਰਸਾਉਣ ਲਈ ਹੇਠ ਲਿਖੀ ਕਹਾਣੀ ਘੜ ਕੇ ਕਮਾਲ ਹੀ ਕਰ ਵਿਖਾਇਆ ਯਥਾ :

ਸ੍ਰੀ ਗੁਰੂ ਅਰਜੁਨ ਦੇਵ ਜੀ ਇਸ ਵਾਰ ਦੀ ਰਚਨਾ ਕਰਨ ਸਮੇਂ ਜਦੋਂ ਤਿੰਨ ਪਉੜੀਆਂ ਤਕ ਪੁਜੇ ਤਾਂ ਲਾਂਗਰੀ ਨੇ ਪ੍ਰਸ਼ਾਦਿ ਛੱਕਣ ਹਿੱਤ ਬੇਨਤੀ ਕੀਤੀ। ਤੱਦ ਸਤਿਗੁਰੂ ਜੀ ਨੇ "ਪਹਿਲੇ ਤਾਮ ਪਿਛੇ ਨਾਮ" ਆਖ ਕੇ ਤਿੰਨ ਪਉੜੀਆਂ ਉਤੇ ਹੀ ਭੋਗ ਪਾ ਦਿਤਾ।

ਨਿਰਣਾ

ਪਹਿਲਾਂ ਤਾਂ ਵਾਰ ਉਚਾਰਣ ਸਮੇਂ ਲਾਂਗਰੀ ਵਲੋਂ ਪ੍ਰਸ਼ਾਦਿ ਛੱਕਣ ਹਿੱਤ ਬੇਨਤੀ ਹੋਣੀ ਹੀ ਅਸੰਭਵ ਹੈ।

ਜੇ ਲਾਂਗਰੀ ਵਲੋਂ ਬੇਨਤੀ ਹੋਈ ਵੀ ਹੋਵੇ ਤਾਂ "ਹਭੇ" ਗਲਾਂ ਵਿਸਰਣ ਇਕੋ ਵਿਸਰ ਨਾ ਜਾਏ" ਗੁਰਵਾਕ ਅਨੁਸਾਰ ਗੁਰੂ ਜੀ 'ਨਾਮ' ਨਾਲੋਂ 'ਤਾਮ' (ਰੋਟੀ) ਨੂੰ ਕਿਵੇਂ ਮਹੱਤਤਾ ਦੇ ਸਕਦੇ ਸਨ।

ਜੇ ਮੰਨ ਵੀ ਲਈਏ ਕਿ ਗੁਰੂ ਜੀ 'ਅਮਿਓ ਚਲੈ ਝਰਣੇ' ਅਵਸਥਾ ਵਿਚ ਜੁੜੇ ਹੋਏ ਬਾਣੀ ਵਿਚੇ ਛੱਡ ਕੇ ਪ੍ਰਸ਼ਾਦਿ ਲਈ ਤਿਆਰ ਹੋ ਗਏ ਹੋਣ ਤਾਂ ਪ੍ਰਸ਼ਾਦਿ ਛੱਕਣ ਤੋਂ ਪਿਛੇ ਵੀ ਹੋਰ ਪਉੜੀਆਂ ਰੱਚ ਸਕਦੇ ਸਨ।

ਮੁਕਦੀ ਗਲ ਰੋਟੀ ਕਾਰਣ ਕੇਵਲ ਤਿੰਨ ਪਉੜੀਆਂ ਉਤੇ ਭੋਗ ਪਾਉਣ ਵਾਲੀ ਗਲ ਨਿਰੋਲ ਹਾਸੋਹੀਣੀ ਹੈ।

ਫੁਨਹੇ ਮਹਲਾ ੫

ਉਪ੍ਰੋਕਤ ਸਿਰਲੇਖ ਹੇਠ "ਅੜਿਲ ਛੰਦ" ਨਾਲ ਮਿਲਦੀ ਜੁਲਦੀ ਰਚਨਾ ਵਿਚੋਂ 'ਹਰਿਹਾਂ' ਸ਼ਬਦ ਦਾ ਆਸਰਾ ਲੈਕੇ ਕਈ ਗਿਆਨੀ ਇਹ ਉਥਾਨਕਾ ਬੰਨ੍ਹਦੇ ਹਨ ਕਿ ਗੁਰੂ ਅਰਜੁਨ ਦੇਵ ਜੀ ਦੇ ਵਿਆਹ ਸਮੇਂ ਉਹਨਾਂ ਦੀ ਸਾਲੀ (ਜਿਸ ਦਾ ਨਾਮ

ਹਰਾਂ ਸੀ) ਨੇ ਕਿਹਾ ਕਿ ਜੰਝ ਦੇ ਢੁਕਾਅ ਵੇਲੇ ਲੋਕੀ ਲਾੜੇ ਕੋਲੋਂ ਛੰਦ ਸੁਣਦੇ ਹਨ। ਇਸ ਲਈ ਤੁਸੀਂ ਵੀ ਛੰਦ ਸੁਣਾਉ, ਤਦ ਗੁਰੂ ਜੀ ਨੇ ਉਪ੍ਰੋਕਤ ਫੁਨਹੇ ਮਹਲਾ ਪੰਜਵਾਂ ਵਾਲੇ ਸਿਰਲੇਖ ਹੇਠ ਇਹ ਛੰਦ ਸੁਣਾਏ ਸਨ।

ਨਿਰਣਾ

ਪਹਿਲਾਂ ਤਾਂ ਗੁਰੂ ਘਰ ਵਿਚ ਛੰਦ ਸੁਣਨ-ਸੁਣਾਉਣ ਵਾਲੀਆਂ ਰੀਤਾਂ-ਰਸਮਾਂ ਦੀ ਹੋਂਦ ਨੂੰ ਮੰਨਣਾ ਹੀ ਇਕ ਵੱਡੀ ਭਾਰੀ ਭੁੱਲ ਹੈ, ਕਿਉਂਕਿ ਗੁਰਬਾਣੀ ਵਿੱਚ ਇਹੋ ਜਿਹੀਆਂ ਕੱਚੀਆਂ-ਪਿਲੀਆਂ ਰੀਤਾਂ ਨੂੰ ਗੁਰਮਿਤ ਦੇ ਉਲਟ ਨਿਰੋਲ ਮਨਮਤਿ ਦਸਿਆ ਹੈ।

"ਦੂਜਾ" ਛੰਦ ਕੇਵਲ ਦੋ ਜਾਂ ਤਿੰਨ ਅਥਵਾ ਚਾਰ ਓੜਕ ਪੰਜ ਤੱਕ ਸੁਣਾਏ ਜਾਂਦੇ ਹਨ ਅਤੇ ਹਰਿ ਇਕ ਛੰਦ ਦੀਆਂ ਦੋਹਰਾ ਛੰਦ ਵਾਂਗੂ ਦੋ ਦੋ ਤੁਕਾਂ ਹੁੰਦੀਆਂ ਹਨ। ਪ੍ਰੰਤੂ ਫੁਨਹੇ ਮਹਲਾ ਪੰਜਵਾਂ ਵਾਲੀ ਬਾਣੀ ਦੇ ੨੩ ਤੇਈ ਚਰਨ (ਬੰਦ) ਹਨ ਅਤੇ ਹਰ ਇਕ ਬੰਦ ਦੀਆਂ ਚਾਰ ਚਾਰ ਲਾਇਨਾਂ (ਤੁੱਕਾਂ) ਹਨ ਜਿਨ੍ਹਾਂ ਦਾ ਟੋਟਲੀ ਜੋੜ ੯੨ ਬਾਨਵੇਂ ਤੁੱਕਾਂ ਬਣਦੀਆਂ ਹਨ। ਇਸ ਲਈ ਇਸ ਬਾਣੀ ਨੂੰ ਛੰਦ ਸੁਣਾਉਣੇ ਕਹਿਣਾ ਇਕ ਬੇ-ਅਰਥ ਕਲਪਣਾ ਹੈ।

"ਤੀਜਾ" ਹਰਿਹਾਂ ਅਤੇ ਹਰਾਂ ਵਾਲੇ ਦੋਹਾਂ ਸ਼ਬਦਾਂ ਦੇ ਜੋੜਾਂ ਵਿਚ ਪ੍ਰਤੱਖ ਹੀ ਦਿਨ-ਰਾਤ ਦਾ ਫਰਕ ਦਿਸ ਰਿਹਾ ਹੈ। ਜਿਵੇਂ ਕਿ ਹਰਿਹਾਂ ਪੱਦ ਦੇ ਤਿੰਨ ਅੱਖਰ ਤੇ "ਰ" ਅੱਖਰ ਨੂੰ "ਿ" ਸਿਹਾਰੀ ਅਤੇ "ਹ" ਅੱਖਰ ਨੂੰ "ਾਂ" ਕੰਨਾ-ਬਿੰਦਾ ਲੱਗਾ ਹੈ ਪਰ ਹਰਾਂ ਪੱਦ ਦੇ ਦੋ ਅੱਖਰ ਤੇ "ਰ" ਅੱਖਰ ਨੂੰ "ਾਂ" ਕੰਨਾ-ਬਿੰਦਾ ਹੋਣਾ ਚਾਹੀਦਾ ਹੈ।

ਦਰ ਅਸਲ ਜਿਵੇਂ ਅੜਿਲ ਛੰਦ ਦੀ ਹਰਿ ਇਕ ਚੌਥੀ ਤੁੱਕ ਵਿਚ "ਹੋ" ਅਥਵਾ "ਹੂ" ਪੱਦ ਬਾਰ-ਬਾਰ ਆਉਂਦੇ ਹਨ ਤਿਵੇਂ ਫੁਨਹੇ ਮਹਲਾ ਪੰਜਵਾ ਵਾਲੀ ਬਾਣੀ ਵਿਚ ਹਰਿਹਾਂ ਪੱਦ ਬਾਰ-ਬਾਰ ਆਇਆ ਹੈ। ਕਿਉਂਕਿ ਇਸ ਦੇ ਸਿਰਲੇਖ ਫੁਨਹੇ ਦਾ ਭਾਵ ਹੀ ਇਹੀ ਹੈ ਕਿ ਫੁਨ-ਫੁਨ (ਬਾਰ-ਬਾਰ) ਕਿਸੇ ਸ਼ਬਦ ਦਾ ਆਉਣਾ ਜਿਵੇਂ ਕਿ 'ਆਵਾ ਗਵਨੁ ਹੋਤੁ ਹੈ ਫੁਨਿ-ਫੁਨਿ' ਦੇ ਵਾਕ ਤੋਂ ਸਪਸ਼ਟ ਹੁੰਦਾ ਹੈ ਕਿ ਫੁਨ-ਫੁਨ ਦਾ ਅਰਥ ਬਾਰ-ਬਾਰ ਅਥਵਾ ਫਿਰ-ਫਿਰ ਜਾਂ ਮੁੜ-ਮੁੜ, ਇਸ ਲਈ 'ਹਰਿਹਾਂ' ਸ਼ਬਦ ਇਸ ਬਾਣੀ ਵਿਚ ਬਾਰ-ਬਾਰ ਫੁਨਹੇ ਦੇ ਨਿਯਮ ਅਨੁਸਾਰ ਆਇਆ ਹੈ, ਕਿਸੇ 'ਹਰਾਂ' ਨਾਮ ਵਾਲੀ ਸਾਲੀ ਵਾਸਤੇ ਨਹੀਂ।

ਨੋਟ :—ਪਾਠਕਾਂ ਨੂੰ ਇਹ ਦਸਣਾ ਵੀ ਜ਼ਰੂਰੀਹੈ ਕਿ ਵਿਸ਼ਨ ਪੱਦੇ ਜਾਂ ਜੋਟੀਆਂ ਦੇ ਸ਼ਬਦ ਗਾਇਨ ਲਗਿਆਂ ਕੀਰ-ਤਨ ਨੂੰ ਮਨੋਰੰਜਕ ਰੂਪ ਦੇਣ ਲਈ ਜ਼ੋਰ ਲਾ ਕੇ ਵੱਡੀ ਉੱਚੀ ਸੁਰ ਨਾਲ 'ਹਰਿਹਾਂ'........................ਪੱਦ ਦੀ ਵਰਤੋਂ ਪ੍ਰੰਪਰਾਂ ਤੋਂ ਪ੍ਰਚਲਤ ਹੈ।

ਅਰਜੁਨ ਸ਼ਬਦ ਦੀ ਵਿਆਖਿਆ

ਅਰਜੁਨ ਸ਼ਬਦ ਗੁਣਵਾਚਕ ਹੈ, ਇਸਦੀ ਵਿਉਤਪਤੀ [ਪੱਦ ਵੰਡ] ਅਰ+ਜੁਨ ਭਾਵ ਅਰ ਕਹੀਏ ਵੈਰੀ ਅਤੇ ਜੁਨ ਕਹੀਏ ਜੁਨਨਾ [ਜਿਤਨਾ] ਅਰਥਾਤ ਵੈਰੀ ਨੂੰ ਜਿਤ ਲੈਣਾ।

ਉਪ੍ਰੋਕਤ ਸ਼ਬਦ ਦਾ ਪ੍ਰਤੱਖ ਸਬੂਤ ਗੁਰੂ ਜੀ ਨੇ ਇਹ ਦਿਤਾ ਹੈ ਕਿ ਕਾਮ, ਕ੍ਰੋਧ ਮੋਹ ਆਦਿਕ ਪੰਜਾਂ ਵੈਰੀਆਂ ਨੂੰ ਵੱਸ ਵਿੱਚ ਕਰਕੇ ਭਾਵ ਜਿੱਤ ਕੇ ਆਪਣੇ ਨਾਮ ਅਰਜੁਨ ਨੂੰ ਯਥਾਰਤ ਰੂਪ ਵਿਚ ਦਰਸਾਉਂਦਿਆਂ ਹੋਇਆਂ ਇਹ ਨਾਅਰਾ ਲਾਇਆ ਕਿ "ਨਿਹਤੇ ਪੰਜਿ ਜੁਆਨ ਮੈਂ ਗੁਰਿ ਥਾਪੀ ਦਿਤੀ ਕੰਡਿ ਜੀਉ।"

ਦੂਜਾ ਚੰਦੂ ਦੁਸ਼ਟ ਵੈਰੀ ਵਲੋਂ ਅਨੇਕਾਂ ਅਕਿਹ-ਅਸਿਹ ਕਸ਼ਟ ਝਲਦਿਆਂ ਹੋਇਆਂ ਵੀ ਵੈਰੀ ਅਗੇ ਨਾ ਝੁੱਕੇ ਤਾਂ ਤੇ ਇਸ ਸ਼ਬਦ ਦਾ ਸ਼ੁਧ ਉਚਾਰਣ ਅਰਜੁਨ ਭਾਵ "ਜੇ" ਅਖਰ ਨੂੰ "—" ਉਂਕੜ ਨਾਲ ਅਰਜੁਨ ਪੜਨਾ ਚਾਹੀਦਾ ਹੈ।

ਹਾਂ ਬਲਵੰਡ-ਸੱਤੇ ਦੀ ਵਾਰ ਵਿਚ ਇਕ ਵਾਰ ਅਰਜਨ ਭਾਵ "ਜ" ਅਖਰ ਮੁਕਤਾ ਵੀ ਲਿਖਿਆ ਹੈ ਪ੍ਰੰਤੂ ਮਹਲੇ ਪੰਜਵੇ

ਦੇ ਸਵਈਆਂ ਵਿਚ ਪੂਰੇ ਉਨੀ ੧੯ ਵਾਰੀ "ਜ" ਅਖਰ ਨੂੰ ਉਂਕੜ ਲਾ ਕੇ ਅਰਜੁਨ ਲਿਖਿਆ ਹੈ।

ਉਪ੍ਰੋਕਤ ਕਥਨ ਦਾ ਤਾਤਪਰਜ ਇਹ ਕਿ ਸਾਧਾਰਨ ਸਜਣ ਤਾਂ ਕਿਤੇ ਰਹੇ ਕਈ ਗੁਣੀ ਗਿਆਨੀ ਅਤੇ ਅੰਖੜਪਾਠੀ ਵੀਰ ਵੀ ਅਣਗਹਿਲੀ ਨਾਲ ਅਰਜੁਨ ਥਾਵੇਂ ਅਰਜਨ ਪਾਠ ਕਰਦੇ ਹਨ ਮਤੱਲਬ ਇਹ ਕਿ "ਜ" ਅਖਰ ਦਾ ਉਂਕੜ ਨਹੀਂ ਬਲਾਉਂਦੇ।

ਕੇਵਲ ਅਰਜੁਨ ਸ਼ਬਦ ਹੀ ਨਹੀਂ ਤਿੰਨ ਅਖਰੇ ਸ਼ਬਦਾਂ ਦੇ ਵਿਚਲੇ ਅਖਰ ਦਾ ਉਂਕੜ ਅਤੇ ਸਿਹਾਰੀ ਛੱਡ ਕੇ ਪਾਠ ਕਰਦੇ ਅਨੇਕਾਂ ਵੀਰ ਵੇਖੇ ਜਾਂਦੇ ਹਨ ਜਿਵੇਂ ਕਿ ਠਾਕੁਰ ਨੂੰ ਠਾਕਰ, ਪਿੰਗੁਲ ਨੂੰ ਪਿੰਗਲ, ਬਗੁਲ ਨੂੰ ਬਗਲ, ਜਿੰਦੁੜੀ ਨੂੰ ਜਿੰਦੜੀ, ਚਤੁਰ ਨੂੰ ਚਤਰ ਆਦਿਕ ਅਨੇਕਾਂ ਸ਼ਬਦ ਅਸ਼ੁਧ ਪੜ੍ਹਦੇ ਹਨ। ਦੂਜਾ ਅੰਮ੍ਰਿਤ ਦੀ ਸਿਹਾਰੀ 'ਿ' ਛੱਡ ਕੇ ਅੰਮ੍ਰਤ, ਪੰਡਿਤ ਦੀ ਸਿਹਾਰੀ 'ਿ' ਛੱਡ ਕੇ ਪੰਡਤ ਬਾਰਿਕ ਦੀ ਸਿਹਾਰੀ 'ਿ' ਛੱਡ ਕੇ ਬਾਰਕ, ਪਤਿਤ ਸ਼ਬਦ ਦੀ ਸਿਹਾਰੀ 'ਿ' ਛੱਡ ਕੇ ਪਤਤ ਪੜ੍ਹਦੇ ਵੇਖੇ ਜਾਂਦੇ ਹਨ।

ਇਸ ਤੋਂ ਬਿਨਾਂ ਪ੍ਰਤਿਪਾਲ ਸ਼ਬਦ ਨੂੰ ਪ੍ਰਿਤਪਾਲ ਉਚਾਰਨ ਕਰਦੇ ਹਨ ਭਾਵ 'ਤ' ਅਖਰ ਦੀ ਸਿਹਾਰੀ 'ਿ' 'ਪ' ਅਖਰ ਨਾਲ ਲਾਂਦੇ ਹਨ ਇਤਿਆਦਿਕ ਜੇ ਇਹ ਭੁੱਲਾਂ ਲਿਖਣ ਵਿਚ ਲਿਆਉਂਦੀਆਂ ਜਾਣ ਤਾਂ ਖਬਰੇ ਕਿਤਨੇ ਆਕਾਰ ਦੀ ਪੁਸਤਕ ਬਣ ਜਾਵੇ।

ਸ਼ਹੀਦੀ ਸਬੰਧੀ

ਜਿਵੇਂ ਹੋਰ ਅਨੇਕਾਂ ਵਿਸ਼ਿਆਂ ਬਾਬਤ ਕਈ ਇਕ ਇਤਿਹਾਸ* ਆਪੋ ਵਿਚ ਮਤਭੇਦ ਰਖਦੇ ਹਨ ਤਿਵੇਂ ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਸਬੰਧੀ ਵੀ ਕਈ ਇਤਿਹਾਸਕਾਰਾਂ ਵਲੋਂ ਦਿਤੇ ਇਤਿਹਾਸਕ ਹਵਾਲਿਆਂ ਦਾ ਵੀ ਪਰਸਪਰ ਇਤਨਾ ਵਿਰੋਧਾ ਭਾਵ ਹੈ ਜੋ ਵਿਸਥਾਰ ਭੈ ਕਾਰਣ ਲਿਖਣੋਂ ਸੰਕੋਚ ਕਰਿ ਕੇ ਇਹ ਦਸਿਆ ਜਾਂਦਾ ਹੈ ਕਿ ਜਿਵੇਂ ਗੁਰਬਾਣੀ ਅਤੇ ਗੁਰਇਤਿਹਾਸ ਦੇ ਖੋਜੀ ਵਿਦਵਾਨ ਜਿਥੇ ਉਚੇ-ਸੁਚੇ ਯਥਾਰਤ ਸਿੱਖ ਇਤਿਹਾਸ ਉਤੇ ਮਾਣ ਕਰਦੇ ਹਨ ਉਥੇ ਕੁਝ ਅਣਜਾਣ ਸ਼ਰਧਾਲੂਆਂ ਅਤੇ ਚਤੁਰ ਵਿਰੋਧੀਆਂ ਹਥੀਂ ਲਿਖੇ ਇਤਿਹਾਸਾਂ ਨੂੰ ਸੰਸੇ ਜੁਗਤ ਬਲਕਿ ਹਾਨੀਕਾਰਕ ਵੀ ਸਮਝਦੇ ਹਨ ਅਰਥਾਤ ਨਾਂ ਤੇ ਸਾਰੇ ਦੇ ਸਾਰੇ ਇਤਿਹਾਸਾਂ ਨੂੰ ਪ੍ਰਮਾਣੀਕ ਮੰਨਦੇ ਤੇ ਨਾ ਹੀ ਸਾਰੇ ਇਤਿਹਾਸ ਵਲੋਂ ਅੱਖਾਂ ਮੀਟ ਲੈਂਦੇ ਹਨ ਤਿਵੇਂ ਪਾਠਕਾਂ ਨੂੰ ਵੀ ਚਾਹੀਦਾ ਹੈ ਕਿ ਨਿਰਪੱਖਤਾ ਰੂਪ ਵਿਚ ਗੁਰਬਾਣੀ ਦੇ ਆਧਾਰ ਅਤੇ ਯਥਾਰਤ ਇਤਿਹਾਸਾਂ ਉਤੇ ਨਿਸ਼ਚਿਤ ਕੀਤੀ ਉਕਤੀ-ਜੁਗਤੀ ਦੁਆਰਾ ਸੱਤ-ਅਸੱਤ ਦਾ ਨਿਰਣਾ ਕਰ ਲੈਣ ਨਹੀਂ ਤੇ ਪੰਥ ਦੇ ਪ੍ਰਸਿਧ ਅਤੇ ਉਚ ਕੋਟੀ ਦੇ ਵਿਦਵਾਨਾਂ ਦੀਆਂ ਲਿਖਤਾਂ ਤੋਂ ਲਾਭ ਪ੍ਰਾਪਤ ਕਰਣ ਜਿਵੇਂ ਕਿ ਪ੍ਰਿੰਸੀਪਲ ਸਾਹਿਬ ਸਿੰਘ ਜੀ ਦਾ ਲਿਖਿਆ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜੁਨ ਦੇਵ ਜੀ ਤੇ ਆਦਿ ਹੋਰ ਅਨੇਕਾਂ ਉਘੇ ਵਿਦਵਾਨਾਂ ਦੀਆਂ ਹੱਥ ਲਿਖਤਾਂ ਹਨ।

---

* (ੳ) ਗੁਰ ਪ੍ਰਤਾਪ ਸੂਰਜ; (ਸੂਰਜ ਪ੍ਰਕਾਸ਼) ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ (ਅ) ਪ੍ਰਾਚੀਨ ਪੰਥ ਪ੍ਰਕਾਸ਼ ਰਚਿਤ ਭਾਈ ਰਤਨ ਸਿੰਘ ਜੀ (ੲ) ਪੰਥ ਪ੍ਰਕਾਸ਼ ਤੇ ਤ੍ਵੀਖ ਗੁਰੂ ਖ਼ਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਜੀ (ਸ) ਤ੍ਵਾਰੀਖ ਉਮਦਤੁਲ-ਮੁਨਸ਼ੀ ਸੋਹਨ ਲਾਲ ਜੀ (ਹ) ਤੁਜ਼ਕ ਜਹਾਂਗੀਰੀ ਆਦਿਕ

ਗੁਰਮਤਿ ਮਿਸ਼ਨਰੀ

(ਸ਼੍ਰੋਮਣੀ ਸਿੱਖ ਸਮਾਜ ਦਾ ਤਿਮਾਹੀ/ਮਾਸਕ ਪੱਤਰ)

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਸ਼੍ਰੋਮਣੀ ਸਿੱਖ ਸਮਾਜ, ਦਿੱਲੀ, ਨੇ ਇਕ ਪਰਚਾ (Magazine) ਜੁਲਾਈ ੧੯੭੩ ਤੋਂ ਜਾਰੀ ਕਰਨ ਦਾ ਫੈਸਲਾ ਕੀਤਾ ਹੈ, ਜੋ ਹੇਠ ਲਿਖੇ ਆਸ਼ਿਆਂ ਦੀ ਪੂਰਤੀ ਕਰੇਗਾ :—

* ਗੁਰਮਤਿ ਮਿਸ਼ਨਰੀ (ਈਵਨਿੰਗ) ਕਾਲਜ ਦੇ ਵਿਦਿਆਰਥੀਆਂ/ਰੀਸਰਚ ਸਕਾਲਰਾਂ ਦੁਆਰਾ ਤਿਆਰ ਕੀਤੇ ਗਏ ਲੈਕਚਰਾਂ ਨੂੰ, ਸਿੱਖ ਸੰਗਤਾਂ ਦੇ ਲਾਭ ਹਿਤ, ਛਪਵਾਉਣਾ।
* ਕੁਝ ਅਜਿਹੇ ਲੈਕਚਰ ਛਪਵਾਏ ਜਾਇਆ ਕਰਨਗੇ ਜੋ ਪਾਰਟ ਟਾਈਮ ਸਿੱਖ-ਮਿਸ਼ਨਰੀ ਬਣਨ ਦੀ ਅਭਿਲਾਖਾ ਰਖਣ ਵਾਲੇ ਸੱਜਣਾਂ ਨੂੰ Correspondence Course ਦਾ ਕੰਮ ਦੇਣਗੇ। ਅਜਿਹੇ ਮਿਸ਼ਨਰੀਆਂ ਲਈ 'ਗੁਰਮਤਿ ਮਿਸ਼ਨਰੀ ਕਾਲਜ' ਦਾ ਇਮਤਿਹਾਨ ਪਾਸ ਕਰਨਾ ਲਾਜ਼ਮੀ ਹੋਵੇਗੀ।
* ਇਸ ਪਰਚੇ ਵਿੱਚ ਸਿਖਾਂ ਦੇ ਧਾਰਮਕ, ਕਲਚਰਲ ਅਤੇ ਸਮਾਜਕ ਪੱਖਾਂ ਨੂੰ ਉਘਾੜਨ ਲਈ ਲੇਖ ਛਪਵਾਏ ਜਾਣਗੇ।
* ਇਹ ਪਰਚਾ ਸਿੱਖ ਬੱਚਿਆਂ ਨੂੰ ਸਾਦੇ ਅਤੇ ਦਿਲ-ਖਿਚਵੇਂ ਢੰਗ ਨਾਲ ਸਤਿਗੁਰਾਂ ਦੇ ਜੀਵਨ, ਮਹਾਨ ਸਿੱਖ ਵਿਅਕਤੀਆਂ ਅਤੇ ਸਹੀਦਾਂ ਦੇ ਜੀਵਨਾਂ ਬਾਰੇ ਜਾਣਕਾਰੀ ਦੇਵੇਗੀ।

* ਸ਼੍ਰੋਮਣੀ ਸਿੱਖ ਸਮਾਜ, ਉਸ ਗੁਰਮਤਿ ਦਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿਤੀ ਹੋਈ ਹੈ—ਦੇ ਪਰਸਾਰ ਲਈ ਜਤਨਸ਼ੀਲ ਹੈ। ਇਸ ਲਈ ਇਸ ਪਰਚੇ ਵਿੱਚ ਗੁਰਬਾਣੀ ਦੇ ਅਰਥਾਂ, ਗੁਰਮਤਿ ਫ਼ਿਲਾਸਫ਼ੀ, ਸਿੱਖ ਇਤਿਹਾਸ ਅਤੇ ਪ੍ਰਮਾਣੀਕ ਰਹਿਤ ਮਰਯਾਦਾ ਉਤੇ ਹੀ ਲਿਖਿਆ ਜਾਵੇਗਾ।
* ਸਿਖਾਂ ਦੇ ਧਾਰਮਕ ਅਤੇ ਸਮਾਜਕ ਮਸਲਿਆਂ ਬਾਰੇ ਸੁਆਲ ਦੇ ਜਵਾਬ ਵੀ ਇਸ ਪਰਚੇ ਵਿਚ ਦਿਤੇ ਜਾਇਆ ਕਰਨਗੇ।
* ਸਿੱਖ ਜਨਤਾ ਦੇ ਲਾਭ ਹਿਤ, ਸਿੱਖ ਜਗਤ ਦੀਆਂ ਖਬਰਾਂ ਵੀ ਇਸ ਪਰਚੇ ਵਿਚ ਦਿਤੀਆਂ ਜਾਇਆ ਕਰਨਗੀਆਂ।
* ਉੱਘੇ ਅਤੇ ਗੁਰਮਤਿ-ਸੋਝੀ ਵਾਲੇ ਹੋਰ ਸਿੱਖ ਵਿਦਵਾਨਾਂ ਦੇ ਲੇਖ ਵੀ ਸਮੇਂ ਸਮੇਂ ਸਿਰ ਛਪਦੇ ਰਹਿਣਗੇ।
* ਇਸ ਪਰਚੇ ਦੀਆਂ ਹੋਰ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹੋਣਗੀਆਂ :—

(ੳ) ਇਹ ਪਰਚਾ ਪਰਚਾਰ ਦੇ ਆਸ਼ੇ ਨਾਲ ਚਲਾਇਆ ਜਾ ਰਿਹਾ ਹੈ ਇਸ ਲਈ ਚੰਦਾ ਕੇਵਲ ਉਨਾ ਹੀ ਰਖਿਆ ਜਾਵੇਗਾ ਜਿਸ ਨਾਲ ਛਪਾਈ ਦਾ ਖਰਚ ਨਿਕਲ ਸਕੇ।

(ਅ) ਵਧੀਆ ਕਾਗਜ਼ ਇਸਤੇਮਾਲ ਕੀਤਾ ਜਾਵੇਗਾ ਅਤੇ cover ਭੀ ਵਧੀਆ ਅਤੇ ਦਿਲ-ਖਿੱਚਵਾਂ ਹੋਵੇਗਾ।

(ੲ) ਸਾਲਾਨਾ ਚੰਦਾ ਕੇਵਲ ੬ ਰੁਪਏ, ਡਾਕ ਖਰਚ ਸਮੇਤ ਹੋਵੇਗਾ।

Gurmat Printing Press. Pahar Ganj, New Delhi-55